World Punjabi News Network
WORLD PUNJABI NEWS
ਪੰਜਾਬੀ | ਪੰਜਾਬੀ
ਲੋਕ ਹਿੱਤ ਵਿੱਚ ਪੱਤਰਕਾਰੀ
@worldpunjabinews
@worldpunjabinewstv
@wpunjabinews
@worldpunjabinews
@worldpunjabinews



### ਹਰਿਆਣਾ ਦੇ ਕਿਸਾਨਾਂ ’ਤੇ ਹੋਏ ਲਾਠੀਚਾਰਜ ਦੀ ਨਿਖੇਧੀ

# ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਵਾਅਦਾ ‘ਜੁਮਲਾ’ ਕਰਾਰ



**ਚੰਡੀਗੜ੍ਹ।** ਪੰਜਾਬ ਦੀਆਂ 32 ਕਿਸਾਨ ਜਥੇਬੰਦੀਆਂ ਦੀ ਅਗਵਾਈ ਹੇਠ ਸੂਬੇ ਵਿੱਚ ਪੈਟਰੋਲ ਪੰਪ, ਕਾਰਪੋਰੇਟ ਘਰਾਣਿਆਂ, ਰੇਲਵੇ ਪਾਰਕਾਂ, ਭਾਜਪਾ ਆਗੂਆਂ ਦੇ ਘਰਾਂ/ਦਫ਼ਤਰਾਂ ਸਣੇ 125 ਥਾਵਾਂ ’ਤੇ ਚੱਲ ਰਹੇ ਕਿਸਾਨ ਧਰਨਿਆਂ ਵਿੱਚ ਕਿਸਾਨਾਂ ਨੇ ਲੋਕ ਕਵੀ ਮਹਿੰ-ਦਰ ਸਾਥੀ ਨੂੰ ਸ਼ਰਧਾਂਜਲੀਆਂ ਦਿੱਤੀਆਂ। ਕਿਸਾਨ ਆਗੂਆਂ ਨੇ ਕਿਹਾ ਕਿ ਕਿਰਤੀਆਂ ਲਈ ਸੁਨਹਿਰੀ ਸਵੇਰ ਦਾ ਸੁਪਨਾ ਸੰਜੋਈ ਚੱਲਦੀ ਰਹੀ ਮਾਣ-ਮੱਤੀ ਕਲਮ ਚਾਹੇ ਥੰਮ ਗਈ ਹੈ ਪਰ ਉਸ ਵੱਲੋਂ ਮਸ਼ਾਲਾਂ ਬਾਲਣ ਦਾ ਹੋਕਾ ਦੇਣ ਦੀ ਰਵਾਇਤ ਜਿਉਂਦੀ ਰਹੇਗੀ।

ਸੰਯੁਕਤ ਕਿਸਾਨ ਮੋਰਚਾ ਦੇ ਆਗੂ ਜਗਮੋਹਨ ਸਿੰਘ ਪਟਿਆਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਵਾਰ-ਵਾਰ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦੇ ਦਾਅਵੇ ਕਰ ਰਹੇ ਹਨ ਪਰ ਇਹ ਮਹਿਜ ‘ਜੁਮਲਾ’ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਦੀ ਨਲਾਇਕੀਆਂ ਕਰਕੇ ਅੱਜ ਕਿਸਾਨ ਕਰਜ਼ਈ ਹੁੰਦਾ ਜਾ ਰਿਹਾ ਹੈ, ਜਿਸ ਕਾਰਨ ਹਰ ਰੋਜ਼ ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਕਿਸਾਨੀ ਨਾਲ ਸਬੰਧਤ ਸਮੂਹ ਕਰਜ਼ੇ ਮੁਆਫ਼ ਕਰਕੇ ਕਿਸਾਨਾਂ ਦੀ ਹਮਾਇਤ ਵਿੱਚ ਪਾਲਸੀ ਤਿਆਰ ਕਰਨੀ ਚਾਹੀਦੀ ਹੈ ਪਰ ਕੇਂਦਰ ਸਰਕਾਰ ਪੂੰਜੀਪਤੀਆਂ ਦਾ ਪੱਖ ਪੂਰਨ ਲੱਗੀ ਹੋਈ ਹੈ।

ਕਿਸਾਨ ਆਗੂ ਨੇ ਹਰਿਆਣਾ ਦੇ ਹਿਸਾਰ ਵਿੱਚ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦਾ ਵਿਰੋਧ ਕਰਨ ਗਏ ਕਿਸਾਨਾਂ ’ਤੇ ਪੁਲੀਸ ਵੱਲੋਂ ਲਾਠੀਚਾਰਜ ਕਰਕੇ ਅੱਥਰੂ ਗੈਸ ਦੇ ਗੋਲੇ ਛੱਡਣ ਦੀ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਭਾਰਤੀ ਸੰਵਿਧਾਨ ਅਨੁਸਾਰ ਹਰ ਕਿਸੇ ਨੂੰ ਵਿਰੋਧ ਕਰਨ ਦਾ ਅਧਿਕਾਰ ਹੈ ਅਤੇ ਭਾਜਪਾ ਡਾਂਗ ਦੇ ਜ਼ੋਰ ’ਤੇ ਕਿਸਾਨਾਂ ਦੀ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ ਪਰ ਉਹ ਕਿਸਾਨਾਂ ਨੂੰ ਆਵਾਜ਼ ਨੂੰ ਦਬਾ ਨਹੀਂ ਸਕਦੀ ਹੈ।

ਭਾਰਤੀ ਕਿਸਾਨ ਯੂਨੀਅਨ ਦੇ ਆਗੂ ਸੁਖਦੇਵ ਸਿੰਘ ਕੋਕਰੀਕਲਾਂ ਨੇ ਕਿਹਾ ਕਿ ਕਿਸਾਨਾਂ ਨੂੰ ਦਿੱਲੀ ਦੀਆਂ ਬਰੂਹਾਂ ’ਤੇ ਸੰਘਰਸ਼ ਕਰਦੇ ਨੂੰ 6 ਮਹੀਨੇ ਪੂਰੇ ਹੋਣ ਵਾਲੇ ਹਨ। ਇਸ ਦੌਰਾਨ 400 ਦੇ ਕਰੀਬ ਕਿਸਾਨ ਸ਼ਹੀਦ ਹੋ ਚੁੱਕੇ ਹਨ ਪਰ ਕੇਂਦਰ ਸਰਕਾਰ ਕਿਸਾਨਾਂ ਦੀ ਗੱਲ ਸੁਨਣ ਲਈ ਤਿਆਰ ਨਹੀਂ ਹੈ। ਉਨ੍ਹਾਂ ਕਿਹਾ ਕਿ ਕਿਸਾਨ ਤਿੰਨੇ ਖੇਤੀ ਕਾਨੂੰਨ ਰੱਦ ਕਰਵਾਉਣ ਅਤੇ ਫ਼ਸਲਾਂ ਨੂੰ ਐੱਮਐੱਸਪੀ ’ਤੇ ਖਰੀਦ ਦੀ ਗਰੰਟੀ ਦਾ ਕਾਨੂੰਨ ਬਣਾਉਣ ਦੀ ਮੰਗ ਕਰ ਰਿਹਾ ਹੈ, ਜਿਸ ਤੋਂ ਬਿਨਾਂ ਵਾਪਸ ਮੁੜਨ ਵਾਲਾ ਨਹੀਂ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਭਾਜਪਾ ਦੀ ਲੋਕ ਵਿਰੋਧੀ ਗਤੀਵੀਧੀਆਂ ਦਾ ਕਿਸਾਨਾਂ ਵੱਲੋਂ ਮੋੜਵਾਂ ਜਵਾਬ ਦਿੱਤਾ ਜਾਵੇਗਾ।

# ਚੱਕਰਵਾਤੀ ਤੂਫਾਨ ਕਾਰਨ ਦੋ ਸਮੁੰਦਰੀ ਬੇੜੇ ਰੁੜ੍ਹੇ

### 410 ਲਾਪਤਾ; ਜੰਗੀ ਜਹਾਜ਼ ਬਚਾਅ ਕਾਰਜਾਂ ਲਈ ਰਵਾਨਾ; ਮਹਾਰਾਸ਼ਟਰ ਦੇ ਕੋਂਕਣ ਇਲਾਕੇ ’ਚ ਲਈਆਂ ਛੇ ਜਾਨਾਂ

**ਮੁੰਬਈ।** ਅਰਬ ਸਾਗਰ ਵਿਚ ਉਠ ਰਹੇ ਚੱਕਰਵਾਤੀ ਤੂਫਾਨ ਤੌਕਤੇ ਕਾਰਨ ਅੱਜ ਮੁੰਬਈ ਸਮੁੰਦਰੀ ਤਟ ’ਤੇ ਦੋ ਸਮੁੰਦਰੀ ਬੇੜੇ (ਵੱਡੀਆਂ ਕਿਸ਼ਤੀਆਂ ਵਰਗੇ) ਵਹਿ ਗਏ ਜਿਨ੍ਹਾਂ ਵਿਚ 410 ਜਣੇ ਸਵਾਰ ਸਨ। ਜਲ ਸੈਨਾ ਦੇ ਅਧਿਕਾਰੀਆਂ ਨੇ ਦੱਸਿਆ ਕਿ ਬੰਬੇ ਹਾਈ ਦੇ ਹੀਰਾ ਤੇਲ ਖੇਤਰ ਵਿਚ ਦੋ ਸਮੁੰਦਰੀ ਬੇੜੇ ਪਾਣੀ ਦੀਆਂ ਲਹਿਰਾਂ ਵਿਚ ਵਹਿ ਗਏ। ਕਾਬਲੇਗੌਰ ਹੈ ਕਿ ਕਿਸ਼ਤੀਆਂ ਦੀ ਸ਼ਕਲ ਦੇ ਬੇੜੇ ਤੇਲ ਖੇਤਰ ਵਿਚ ਸਾਮਾਨ ਦੀ ਢੋਆ ਢੁਆਈ ਲਈ ਵਰਤੇ ਜਾਂਦੇ ਹਨ। ਇਸ ਵਿਚ ਸਵਾਰ ਲੋਕਾਂ ਨੂੰ ਬਚਾਉਣ ਲਈ ਐਨਆਈਐਸ ਕੋਚੀ ਨੂੰ ਤੁਰੰਤ ਬਚਾਅ ਕਾਰਜਾਂ ਲਈ ਰਵਾਨਾ ਕਰ ਦਿੱਤਾ ਗਿਆ ਹੈ। ਇਹ ਤੇਲ ਖੇਤਰ ਮੁੰਬਈ ਤੋਂ 70 ਕਿਲੋਮੀਟਰ ਦੂਰ ਦੱਖਣ ਪੱਛਮ ਵੱਲ ਸਥਿਤ ਹੈ। ਉਨ੍ਹਾਂ ਦੱਸਿਆ ਕਿ ਜੰਗੀ ਜਹਾਜ਼ ਐਨਆਈਐਸ ਚਾਰ ਵਜੇ ਦੇ ਕਰੀਬ ਘਟਨਾ ਸਥਾਨ ’ਤੇ ਪੁੱਜ ਜਾਵੇਗਾ। ਇਸੇ ਦੌਰਾਨ ਚੱਕਰਵਾਤੀ ਤੂਫ਼ਾਨ ‘ਤੌਕਤੇ’ ਨਾਲ ਵਾਪਰੀਆਂ ਵੱਖ-ਵੱਖ ਘਟਨਾਵਾਂ ਕਾਰਨ ਮਹਾਰਾਸ਼ਟਰ ਦੇ ਕੋਂਕਣ ਇਲਾਕੇ ’ਚ ਛੇ ਜਣਿਆਂ ਦੀ ਮੌਤ ਹੋ ਗਈ ਜਦਕਿ ਸਮੁੰਦਰ ’ਚ ਦੋ ਕਿਸ਼ਤੀਆਂ ਡੁੱਬਣ ਕਾਰਨ ਤਿੰਨ ਜਣੇ ਹਾਲੇ ਲਾਪਤਾ ਹਨ। ਅਧਿਕਾਰੀਆਂ ਨੇ ਦੱਸਿਆ ਕਿ ਛੇ ਮੌਤਾਂ ਵਿੱਚੋਂ ਤਿੰਨ ਵਿਅਕਤੀਆਂ ਦੀ ਮੌਤ ਰਾਏਗੜ੍ਹ ਜ਼ਿਲ੍ਹੇ ’ਚ, ਇੱਕ ਮਲਾਹ ਦੀ ਸਿੰਧੂਰਗੜ੍ਹ ਜ਼ਿਲ੍ਹੇ ’ਚ ਜਦਕਿ ਥਾਣੇ ਜ਼ਿਲ੍ਹੇ ਅੰਦਰ ਨਵੀਂ ਮੁੰਬਈ ਅਤੇ ਉਲਹਾਸਨਗਰ ਇਲਾਕੇ ’ਚ ਦੋ ਜਣਿਆਂ ਦੀ ਮੌਤ ਉਨ੍ਹਾਂ ’ਤੇ ਰੁੱਖ ਡਿੱਗਣ ਕਾਰਨ ਹੋਈ। ਬਿਆਨ ਮੁਤਾਬਕ ਸਿੰਧੂਰਗੜ੍ਹ ਜ਼ਿਲ੍ਹੇ ਦੇ ਆਨੰਦਵਾੜੀ ਹਾਰਬਰ ’ਤੇ ਖੜ੍ਹੀਆਂ ਦੇ ਕਿਸ਼ਤੀਆਂ ਪਲਟ ਗਈਆਂ, ਜਿਨ੍ਹਾਂ ’ਤੇ ਅਮਲੇ ਦੇ 7 ਮੈਂਬਰ ਸਵਾਰ ਸਨ। ਇਨ੍ਹਾਂ ਵਿਚੋਂ ਇੱਕ ਮੈਂਬਰ, ਜਿਸ ਦੀ ਪਛਾਣ ਰਾਜਾਰਾਮ ਕਦਮ ਵਾਸੀ ਦੇਵਗੜ੍ਹ ਤਾਲੁਕਾ ਵਜੋਂ ਹੋਈ, ਦੀ ਮੌਤ ਹੋ ਗਈ ਜਦਕਿ ਤਿੰਨ ਹੋਰ ਲਾਪਤਾ ਹਨ। ਅਮਲੇ ਦੇ ਤਿੰਨ ਮੈਂਬਰ ਸੁਰੱਖਿਅਤ ਹਨ।



# ਤ੍ਰਿਣਮੂਲ ਕਾਂਗਰਸ ਆਗੂਆਂ ਦੀ ਗ੍ਰਿਫਤਾਰੀ ਤੋਂ ਬਾਅਦ ਪੱਛਮੀ ਬੰਗਾਲ ਵਿੱਚ ਪ੍ਰਦਰਸ਼ਨ



**ਕੋਲਕਾਤਾ।** ਨਾਰਦਾ ਸਟਿੰਗ ਅਪਰੇਸ਼ਨ ਮਾਮਲੇ ਵਿਚ ਸੀਬੀਆਈ ਵਲੋਂ ਪੱਛਮੀ ਬੰਗਾਲ ਦੇ ਦੋ ਮੰਤਰੀਆਂ ਤੇ ਵਿਧਾਇਕ ਦੀ ਗ੍ਰਿਫਤਾਰੀ ਤੋਂ ਬਾਅਦ ਪੱਛਮੀ ਬੰਗਾਲ ’ਚ ਕਈ ਥਾਵਾਂ ’ਤੇ ਪ੍ਰਦਰਸ਼ਨ ਹੋਏ ਤੇ ਪਾਰਟੀ ਕਾਰਕੁਨਾਂ ਨੇ ਰੈਲੀਆਂ ਕਰ ਕੇ ਭਾਜਪਾ ਸਰਕਾਰ ਖਿਲਾਫ ਭੜਾਸ ਕੱਢੀ। ਇਸ ਮੌਕੇ ਲੌਕਡਾਊਨ ਤੇ ਕਰੋਨਾ ਨਿਯਮਾਂ ਦਾ ਉਲੰਘਣ ਵੀ ਕੀਤਾ ਗਿਆ। ਤ੍ਰਿਣਮੂਲ ਸਮਰਥਕਾਂ ਵੱਲੋਂ ਸੀਬੀਆਈ ਦਫਤਰ ਬਾਹਰ ਪ੍ਰਦਰਸ਼ਨ ਕੀਤਾ ਗਿਆ ਤੇ ਰਾਜਪਾਲ ਜਗਦੀਪ ਧਨਖੜ ਖਿਲਾਫ ਨਾਅਰੇਬਾਜ਼ੀ ਕੀਤੀ ਗਈ। ਉਨ੍ਹਾਂ ਪਾਰਟੀ ਆਗੂਆਂ ਨੂੰ ਰਿਹਾਅ ਕਰਨ ਦੀ ਮੰਗ ਕੀਤੀ। ਇਸ ਮਗਰੋਂ ਦੇਰ ਸ਼ਾਮ ਸੀਬੀਆਈ ਵੱਲੋਂ ਚਾਰਾਂ ਆਗੂਆਂ ਨੂੰ ਵਿਸ਼ੇਸ਼ ਸੀਬੀਆਈ ਅਦਾਲਤ ’ਚ ਪੇਸ਼ ਕੀਤਾ ਗਿਆ ਜਿੱਥੋਂ ਉਨ੍ਹਾਂ ਨੂੰ ਜ਼ਮਾਨਤ ’ਤੇ ਰਿਹਾਅ ਕਰ ਦਿੱਤਾ ਗਿਆ ਪਰ ਇਸ ਤੋਂ ਬਾਅਦ ਦੇਰ ਰਾਤ ਕਲਕੱਤਾ ਹਾਈ ਕੋਰਟ ਵੱਲੋਂ ਇਹ ਜ਼ਮਾਨਤ ਰੱਦ ਕਰ ਦਿੱਤੀ ਗਈ।

OUR PARTNERS IN PROMOTION
WORLD PUNJABI NEWS NETWORK
WHITECLOUD INTERNATIONAL — WEB PRESENCE PROVIDER
SmartBrainz EXPLORE. CHOOSE. BUY. — TECHNOLOGY PROVIDER
WORLD PUNJABI NEWS NETWORK — NEWS & MEDIA PARTNER
ADVERTISE WITH US
+91 98155 88388
worldpunjabinews@gmail.com

# ਬਾਦਸ਼ਾਹ ਸਲਾਮਤ ਦਾ ਨਵਾਂ ਮਹੱਲ

ਇਹ ਲੇਖ ਲਿਖਣ ਦੀ ਜ਼ਰੂਰਤ ਸਾਡੇ ਵਿੱਤ ਮੰਤਰਾਲੇ ਦੇ ਉਸ ਦਾਅਵੇ ਤੋਂ ਪਈ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਕਰੋਨਾਵ-ਾਇਰਸ ਮਹਾਮਾਰੀ ਦੀ ਦੂਜੀ ਲਹਿਰ ਦਾ ਅਰਥਚਾਰੇ 'ਤੇ ਬਹੁਤਾ ਅਸਰ ਨਹੀਂ ਪਵੇਗਾ (ਦਿ ਇਕੋਨੌਮਿਕ ਟਾਈਮਜ਼, ਪਹਿਲਾ ਪੰਨਾ, 8 ਮਈ 2021)। ਉਂਜ, ਜਿਹੜੀ ਦੁਨੀਆ ਵਿਚ ਉਹ ਰਹਿੰਦੇ ਹਨ, ਵਾਕਈ ਉਸ 'ਚ ਕੋਈ ਅਸਰ ਪੈਂਦਾ ਵੀ ਨਹੀਂ ਹੈ ਕਿਉਂਕਿ ਉਂਜ ਵੀ ਉਹ ਦੁਨੀਆ ਕਰੋਨਾ ਅਤੇ ਇਸ ਦੀ ਤਬਾਹੀ ਤੋਂ ਅਭਿੱਜ ਜਾਪਦੀ ਹੈ। ਜਦੋਂ ਚਾਰੇ ਪਾਸੇ ਸਾਡੀਆਂ ਜ਼ਿੰਦਗੀਆਂ ਤੇ ਅਰਥਚਾਰੇ ਦੀ ਬਰਬਾਦੀ ਦਾ ਤਾਂਡਵ ਚੱਲ ਰਿਹਾ ਹੋਵੇ ਤਾਂ ਕੋਈ ਸੂਝਵਾਨ ਸ਼ਖ਼ਸ ਇਸ ਕਿਸਮ ਦੇ ਬਿਆਨ ਨਹੀਂ ਦੇ ਸਕਦਾ। ਪ੍ਰਵਾਨਤ ਕੌਮਾਂਤਰੀ ਏਜੰਸੀਆਂ ਸਾਡੇ ਦੇਸ਼ ਦੇ ਆਰਥਿਕ ਵਿਕਾਸ ਦੇ ਅਨੁਮਾਨ ਲਗਾਤਾਰ ਘਟਾਉਂਦੀਆਂ ਆ ਰਹੀਆਂ ਹਨ।

ਮਹਾਮਾਰੀ ਨਾਲ ਸਿੱਝਣ ਲਈ ਸਾਡਾ ਪਹਿਲਾ ਜਵਾਬ ਇਵੇਂ ਦਾ ਹੀ ਸੀ ਜਿਵੇਂ ਟਰੰਪ ਨੇ ਦਿੱਤਾ ਸੀ, ਉਹ ਇਹ ਕਿ ਸਾਡੇ ਲਈ ਇਹ ਕੋਈ ਵੱਡਾ ਖ਼ਤਰਾ ਨਹੀਂ ਹੈ। ਉਂਜ, ਫਿਰ ਯਕਦਮ ਅਸੀਂ ਦੇਸ਼ਵਿਆਪੀ ਤਾਲਾਬੰਦੀ ਲਗਾ ਦਿੱਤੀ ਸੀ ਜਿਸ ਕਰਕੇ ਸਾਡੀ ਕਿਰਤ ਅਤੇ ਅਰਥਚਾਰੇ ਦੀ ਰੀੜ੍ਹ ਦੀ ਹੱਡੀ ਟੁੱਟ ਗਈ। ਉਸ ਤੋਂ ਬਾਅਦ ਮਹਾਮਾਰੀ ਦੇ ਪਸਾਰ ਵਿਚ ਕੁਝ ਕਮੀ ਆ ਗਈ ਤਾਂ ਸਾਡੀ ਕੇਂਦਰੀ ਲੀਡਰਸ਼ਿਪ ਨੇ ਇਸ 'ਤੇ ਜਿੱਤ ਪਾ ਲੈਣ ਦਾ ਐਲਾਨ ਕਰ ਦਿੱਤਾ ਅਤੇ ਦਾਅਵਾ ਕੀਤਾ ਕਿ ਅਸੀਂ ਮਹਾਮਾਰੀ ਨੂੰ ਹਰਾਉਣ ਲਈ ਸਮੁੱਚੀ ਦੁਨੀਆ ਲਈ ਯੋਜਨਾਬੰਦੀ ਦੀ ਮਿਸਾਲ ਪੇਸ਼ ਕੀਤੀ ਹੈ। ਭਾਰਤ 'ਵਿਸ਼ਵ ਗੁਰੂ' ਬਣ ਗਿਆ ਹੈ। ਇਸ ਮਸਲੇ 'ਤੇ ਕਾਬੂ ਪਾਉਣ ਮਗਰੋਂ ਕੇਂਦਰੀ ਲੀਡਰਸ਼ਿਪ ਨੇ ਸੂਬਾਈ ਚੋਣਾਂ ਦੇ ਰੂਪ ਵਿਚ ਮਹਾਮਾਰੀ ਤੋਂ ਵੀ ਵੱਡੀ ਚੁਣੌਤੀ ਸਰ ਕਰਨ ਲਈ ਪੱਛਮੀ ਬੰਗਾਲ ਦਾ ਰੁਖ਼ ਕੀਤਾ। ਦੂਜੇ ਪਾਸੇ ਕਰੋਨਾ ਦੀ ਦੂਜੀ ਲਹਿਰ ਆਉਣ ਦੀ ਚਿਤਾਵਨੀ ਦਿੱਤੀ ਜਾ ਰਹੀ ਸੀ ਪਰ ਸਰਕਾਰ ਨੇ ਇਸ 'ਤੇ ਕੰਨ ਨਹੀਂ ਧਰਿਆ। ਕੋਈ ਕੰਟਰੋਲ ਰੂਮ ਸਥਾਪਤ ਨਹੀਂ ਕੀਤਾ ਗਿਆ ਜਿੱਥੋਂ ਸਮੁੱਚੇ ਦੇਸ਼ ਦੇ ਹਾਲਾਤ 'ਤੇ ਨਜ਼ਰ ਰੱਖੀ ਜਾ ਸਕਦੀ ਸੀ, ਕੋਈ ਵਿਸ਼ੇਸ਼ ਸੰਕਟ ਮੋਚਕ ਟੀਮ ਨਹੀਂ ਬਣਾਈ ਗਈ, ਹਸਪਤਾਲਾਂ 'ਚ ਬੈੱਡਾਂ, ਵੈਂਟੀਲੇਟਰਾਂ, ਆਕਸੀਜਨ, ਵੈਕਸੀਨ, ਐਂਬੂਲੈਂਸਾਂ ਆਦਿ ਬਾਰੇ ਕੋਈ ਆਰਡਰ ਨਹੀਂ ਦਿੱਤਾ ਗਿਆ। ਅਸਲ 'ਚ ਮਾਮਲਾ ਨਿਪਟਾ ਕੇ ਕੋਵਿਡ ਦੀ ਫਾਈਲ ਬੰਦ ਕੀਤੀ ਜਾ ਚੁੱਕੀ ਸੀ।

ਦੂਜੇ ਬੰਨੇ, ਬੰਗਾਲ ਦੇ ਚੋਣ ਦੰਗਲ 'ਚ ਸ਼ੇਰ ਗੱਜ ਰਹੇ ਸਨ ਤੇ ਆਪਣੇ ਭਗਤਾਂ ਸਾਹਮਣੇ ਦੋ ਸੌ ਸੀਟਾਂ ਜਿੱਤਣ ਦੇ ਦਾਅਵੇ-ਵਾਅਦੇ ਕੀਤੇ ਜਾ ਰਹੇ ਸਨ। ਉਨ੍ਹਾਂ ਨੂੰ ਯਕੀਨ ਸੀ ਕਿ ਬੰਗਾਲ ਤਾਂ ਹਰ ਹਾਲ ਵਿਚ ਉਨ੍ਹਾਂ ਦੀ ਝੋਲੀ 'ਚ ਪੈ ਜਾਣਾ ਹੈ ਜਿਸ ਕਰਕੇ ਕਿਸੇ ਨੂੰ ਪ੍ਰਵਾਹ ਨਹੀਂ ਸੀ ਕਿ ਇਹ ਰੈਲੀਆਂ ਵੱਡੇ ਪੱਧਰ 'ਤੇ ਕਰੋਨਾਵਾਇਰਸ ਫੈਲਾਉਣ ਦਾ ਜ਼ਰੀਆ ਬਣ ਰਹੀਆਂ ਹਨ। ਰਹਿੰਦੀ ਖੂੰਹਦੀ ਕਸਰ ਕੁੰਭ ਮੇਲੇ ਨੇ ਪੂਰੀ ਕਰ ਦਿੱਤੀ ਜਿੱਥੇ ਦੇਵਤਿਆਂ ਨੂੰ ਖ਼ੁਸ਼ ਕਰਨ ਲਈ ਲੱਖਾਂ ਦੀ ਤਾਦਾਦ 'ਚ ਸ਼ਰਧਾਲੂ ਇਕੱਠੇ ਕਰ ਲਏ ਗਏ। ਇਸ ਦੌਰਾਨ ਕੁਦਰਤ ਕਹਿਰਵਾਨ ਹੋ ਗਈ ਜੋ ਬਦਲਾ ਲੈਣ 'ਤੇ ਉੱਤਰੀ ਹੋਈ ਸੀ। ਇਕ ਤੋਂ ਬਾਅਦ ਇਕ ਸੂਬੇ ਵਿਚ ਹਜ਼ਾਰਾਂ ਦੀ ਤਾਦਾਦ ਵਿਚ ਕੇਸ ਆ ਰਹੇ ਸਨ ਤੇ ਮੌਤਾਂ ਦੀ ਸੰਖਿਆ ਲਗਾਤਾਰ ਵਧ ਰਹੀ ਸੀ। ਪਰ ਉਹ



(ਆਗੂ) ਪਿਛਾਂਹ ਮੁੜਨ ਲਈ ਤਿਆਰ ਨਹੀਂ ਸਨ ਤੇ ਮਮਤਾ ਦੀਦੀ ਨੂੰ ਬੁਰੀ ਤਰ੍ਹਾਂ ਖਦੇੜ ਦੇਣ ਲਈ ਉਤਾਵਲੇ ਸਨ। ਹਾਲਾਂਕਿ 'ਦੀਦੀ' ਸ਼ਬਦ ਹਰ ਥਾਂ ਬਹੁਤ ਇਹਤਰਾਮ ਨਾਲ ਲਿਆ ਜਾਂਦਾ ਹੈ ਪਰ ਐਤਕੀਂ ਉਸ ਨੂੰ ਮਜ਼ਾਕ ਦਾ ਪਾਤਰ ਬਣਾ ਕੇ ਰੱਖ ਦਿੱਤਾ ਗਿਆ।

ਜਦੋਂ ਹਕੀਕਤ ਸਾਹਮਣੇ ਆਉਣ ਲੱਗੀ ਤਾਂ ਦੁਨੀਆ ਨੇ ਰੁਕ ਕੇ ਇਸ ਵੱਲ ਤੱਕਣਾ ਸ਼ੁਰੂ ਕੀਤਾ। ਕੌਮਾਂਤਰੀ ਮੀਡੀਆ ਨੇ ਇਸ ਨੂੰ ਆਫ਼ਤ ਅਤੇ ਬਦਇੰਤਜ਼ਾਮੀ ਦੀ ਸਿਖਰ ਕਰਾਰ ਦਿੱਤਾ। ਹਸਪਤਾਲਾਂ 'ਚ ਆਕਸੀਜਨ, ਆਈਸੀਯੂ ਬੈੱਡਾਂ, ਵੈਂਟੀਲੇਟਰਾਂ ਤੇ ਵੈਕਸੀਨਾਂ- ਗੱਲ ਕੀ ਜ਼ਿੰਦਗੀ ਨੂੰ ਬਚਾਉਣ ਦੇ ਹਰ ਹੀਲੇ ਦੀ ਕਮੀ ਨੂੰ ਲੈ ਕੇ ਚੀਕ-ਪੁਕਾਰ ਹੋ ਰਹੀ ਸੀ। ਪਰ ਸਾਡੇ ਕੋਲ ਕੋਈ ਭੰਡਾਰ ਹੀ ਨਹੀਂ ਸੀ, ਅਸੀਂ ਕੋਈ ਆਰਡਰ ਹੀ ਨਹੀਂ ਦਿੱਤਾ ਸੀ, ਅਸੀਂ ਇਨ੍ਹਾਂ ਚੀਜ਼ਾਂ ਦਾ ਕੋਈ ਉਤਪਾਦਨ ਨਹੀਂ ਵਧਾਇਆ। ਇਸ ਲਈ ਅਸੀਂ ਉਹ ਕੁਝ ਸੋਚਣਾ ਸ਼ੁਰੂ ਕਰ ਦਿੱਤਾ ਜੋ ਅਸੀਂ ਆਪਣੇ ਪਿੱਛੇ ਛੱਡ ਆਏ ਸਾਂ। ਪੀਐਲ 480 ਵਾਲੇ ਦਿਨਾਂ ਵੱਲ ਪਰਤਣਾ ਸ਼ੁਰੂ ਕਰ ਦਿੱਤਾ ਭਾਵ ਦੂਜੇ ਮੁਲਕਾਂ ਅੱਗੇ ਹਰ ਕਿਸਮ ਦੀ ਮਦਦ ਵਾਸਤੇ ਹੱਥ ਅੱਡਣੇ ਸ਼ੁਰੂ ਕਰ ਦਿੱਤੇ। ਹੌਲੀ ਹੌਲੀ ਦੁਨੀਆ ਹੁੰਗਾਰਾ ਭਰਨ ਲੱਗੀ ਪਰ ਕਿਉਂਕਿ ਸਾਡੀ ਲੀਡਰਸ਼ਿਪ ਕਰੋਨਾ 'ਤੇ ਫਤਿਹ ਦਾ ਡੰਕਾ ਵਜਾ ਚੁੱਕੀ ਸੀ, ਇਸ ਲਈ ਦੂਜੇ ਦੇਸ਼ ਸੰਭਲ ਕੇ ਹੁੰਗਾਰਾ ਭਰ ਰਹੇ ਸਨ। ਬਾਹਰਲੇ ਦੇਸ਼ਾਂ ਤੋਂ ਕਾਫ਼ੀ ਸਾਰਾ ਸਾਜ਼ੋ-ਸਾਮਾਨ ਦਿੱਲੀ ਪਹੁੰਚ ਗਿਆ ਪਰ ਉੱਥੇ ਕੌਮਾਂਤਰੀ ਹਵਾਈ ਅੱਡੇ 'ਤੇ ਇਸ ਨੂੰ ਸੰਭਾਲਣ ਦੇ ਇੰਤਜ਼ਾਮ ਨਾਂਮਾਤਰ ਸਨ। ਉੱਥੇ ਕੋਈ ਕੰਟਰੋਲ ਰੂਮ ਨਹੀਂ ਸੀ, ਇਮਦਾਦ ਨੂੰ ਤਰਤੀਬ 'ਚ ਭੰਡਾਰ ਕਰਨ ਦੀ ਕੋਈ ਯੋਜਨਾ ਨਹੀਂ ਸੀ ਤੇ ਨਾ ਹੀ ਅਜਿਹੀ ਕੋਈ ਤਿਆਰੀ ਸੀ ਕਿ ਕਿਹੜਾ ਸਾਜ਼ੋ-ਸਾਮਾਨ ਕਿੱਥੇ ਭੇਜਿਆ ਜਾਣਾ ਹੈ ਅਤੇ ਟਰਾਂਸਪੋਰਟ ਦਾ ਕੀ ਪ੍ਰਬੰਧ ਕੀਤਾ ਜਾਵੇ। ਦਿੱਲੀ ਤੋਂ ਅਗਾਂਹ ਇਮਦਾਦ ਭੇਜਣ ਬਾਰੇ ਸਵਾਲ ਵ੍ਹਾਈਟ ਹਾਊਸ ਦੀ ਪ੍ਰੈਸ ਕਾਨਫਰੰਸ 'ਚ ਵੀ ਉੱਠ ਰਹੇ ਸਨ। ਮਾੜੀ ਯੋਜਨਾਬੰਦੀ ਦੇ ਇਸ ਧੁੰਦਲਕੇ ਕਾਰਨ ਸੂਬਿਆਂ ਵਿਚ ਵੀ ਤਰਥੱਲੀ ਮੱਚੀ ਹੋਈ ਸੀ ਅਤੇ ਇਮਦਾਦ ਭੇਜਣ ਵਾਲੀਆਂ ਏਜੰਸੀਆਂ ਨੂੰ ਕੋਈ ਖ਼ਬਰ ਨਹੀਂ ਹੈ ਕਿ ਇਮਦਾਦ ਕਿੱਥੇ ਜਾ ਰਹੀ ਹੈ।

ਸੂਬਿਆਂ ਦਰਮਿਆਨ ਵਧ ਚੜ੍ਹ ਕੇ ਮੰਗਾਂ ਰੱਖਣ ਦੀ ਹੋੜ ਲੱਗੀ ਹੋਈ ਹੈ ਪਰ ਦਿੱਲੀ 'ਚ ਕੋਈ ਬੰਦਾ ਅਜਿਹਾ ਨਹੀਂ ਹੈ ਜੋ ਸੂਬਿਆਂ ਨੂੰ ਹਿਸਾਬ ਨਾਲ ਇਮਦਾਦ ਵੰਡ ਕੇ ਦੇਣ ਅਤੇ ਸਾਡੇ ਵਸੀਲਿਆਂ ਤੇ ਸਾਨੂੰ ਮਿਲ ਰਹੀ ਕੌਮਾਂਤਰੀ ਇਮਦਾਦ 'ਚ ਤਾਲਮੇਲ ਬਿਠਾ ਸਕੇ। ਮੁੜ ਘਿੜ ਗੱਲ ਸਿਆਸਤ 'ਤੇ ਆ ਪੈਂਦੀ ਹੈ- ਪੱਖਪਾਤ ਦੇ ਦੋਸ਼ ਤੇ ਮੋੜਵੇਂ ਦੋਸ਼ ਲੱਗਦੇ ਹਨ। ਡਿਜ਼ਾਸਟਰ ਮੈਨੇਜਮੈਂਟ ਫੋਰਸ ਅਤੇ ਹੋਰਨਾਂ ਸਬੰਧਤ ਵਿਭਾਗਾਂ ਵੱਲੋਂ ਸਾਡੇ ਆਪਣੇ ਵਸੀਲਿਆਂ ਨੂੰ ਜੁਟਾਉਣ ਬਾਰੇ ਕੋਈ ਖ਼ਬਰਸਾਰ ਸੁਣਨ ਨੂੰ ਨਹੀਂ ਮਿਲ ਰਹੀ। ਫ਼ੌਜ ਨੂੰ ਫੀਲਡ ਹਸਪਤਾਲ ਕਾਇਮ ਕਰਨ ਲਈ ਕਿਉਂ ਨਹੀਂ ਆਖਿਆ ਜਾ ਰਿਹਾ ਜਿਵੇਂ ਕਿ 2001 ਵਿਚ ਭੁਜ ਵਿਚ ਆਏ ਭੂਚਾਲ ਵੇਲੇ ਕੀਤਾ ਗਿਆ ਸੀ। ਇਜ਼ਰਾਇਲੀ ਫ਼ੌਜ ਨੇ ਚੌਵੀ ਘੰਟੇ ਅੰਦਰ ਇਕ ਫੀਲਡ ਹਸਪਤਾਲ ਬਣਾ ਦਿੱਤਾ ਸੀ ਜਿੱਥੇ ਸਾਧਾਰਨ ਚੋਟ ਤੋਂ ਲੈ ਕੇ ਦਿਲ ਦੇ ਮਰਜ਼ ਤੱਕ ਹਰ ਕਿਸਮ ਦਾ ਇਲਾਜ ਮੁਹੱਈਆ ਕਰਵਾਇਆ ਜਾ ਸਕਦਾ ਸੀ। ਜਿੱਥੇ ਇਹ ਹਸਪਤਾਲ ਬਣਾਇਆ ਜਾਣਾ ਸੀ, ਉਸ ਲਈ ਜ਼ਮੀਨ ਤੋਂ ਇਲਾਵਾ ਉਨ੍ਹਾਂ ਇਕ ਵੀ ਚੀਜ਼ ਸਾਥੋਂ ਨਹੀਂ ਮੰਗੀ ਸੀ। ਹਾਲਾਂਕਿ ਅਸੀਂ ਖ਼ੁਦ ਵੀ ਇਹ ਕੰਮ ਕਰ ਸਕਦੇ ਹਾਂ, ਸਾਡੇ ਕੋਲ ਬੰਦੇ ਹਨ, ਮਾਹਿਰ ਹਨ, ਸੰਸਥਾਵਾਂ ਮੌਜੂਦ ਹਨ ਪਰ ਮੁਸ਼ਕਲ ਇਹ ਹੈ ਕਿ ਇਨ੍ਹਾਂ ਨੂੰ ਵਿਗਸਣ ਅਤੇ ਆਜ਼ਾਦਾਨਾ ਤੌਰ 'ਤੇ ਕੰਮ ਨਹੀਂ ਕਰਨ ਦਿੱਤਾ ਜਾ ਰਿਹਾ। ਸਾਡੇ ਦੇਸ਼ ਅੰਦਰ ਕ੍ਰਿਕਟ ਤੋਂ ਲੈ ਕੇ ਮਹਾਮਾਰੀ ਤੱਕ ਹਰ ਫ਼ੈਸਲਾ ਸਿਆਸਤ ਤੈਅ ਕਰਦੀ ਹੈ ਅਤੇ ਸਾਡੀ ਸਿਆਸਤ ਪੂਰੀ ਤਰ੍ਹਾਂ ਨਿੱਘਰ ਚੁੱਕੀ ਹੈ। ਭ੍ਰਿਸ਼ਟਾਚਾਰ ਨੇ ਸਾਡੇ ਰਾਜਸੀ ਤੰਤਰ ਦਾ ਹਰ ਅੰਗ ਖੋਖਲਾ ਕਰ ਛੱਡਿਆ ਹੈ ਅਤੇ ਸਾਲ-ਦਰ-ਸਾਲ ਇਸ ਦੀ ਹਾਲਤ ਬਦਤਰ ਹੁੰਦੀ ਜਾ ਰਹੀ ਹੈ।

ਜਦੋਂ ਬਿਮਾਰੀ ਨੇ ਘਮਸਾਣ ਮਚਾ ਰੱਖਿਆ ਹੈ ਤਾਂ ਸਰਕਾਰ ਦੇ ਅਨੇਕਾਂ ਸਤੰਭਾਂ ਤੋਂ ਮਿਲ ਕੇ ਬਣੀ ਸਾਡੀ ਲੀਡਰਸ਼ਿਪ ਨੇ ਸ਼ੁਤਰ-ਮੁਰਗ ਦੀ ਤਰ੍ਹਾਂ ਰੇਤ 'ਚ ਸਿਰ ਦੇ ਰੱਖਿਆ ਹੈ ਜਾਂ ਫਿਰ ਡੌਨ ਕਿਹੋਤੇ ( ) (ਸਪੇਨੀ ਨਾਵਲਕਾਰ ਮਿਗਲ ਡੀ ਸਰਵੈਂਟਜ ਦੇ ਵਿਸ਼ਵ ਪ੍ਰਸਿੱਧ ਨਾਵਲ ਵਿਚ ਇਸੇ ਨਾਂ ਦਾ ਮੁੱਖ ਕਿਰਦਾਰ ਜੋ ਖ਼ਿਆਲੀ ਜ਼ਿੰਦਗੀ ਜਿਊਂਦਾ ਹੈ ਤੇ ਅਸਲੀਅਤ ਤੋਂ ਦੂਰ ਹੈ) ਦੀ ਤਰ੍ਹਾਂ ਪੌਣਚੱਕੀਆਂ ਚਲਾਉਣ ਦੇ ਫ਼ਰਮਾਨ-ਦਰ-ਫ਼ਰਮਾਨ ਜਾਰੀ ਕੀਤੇ ਜਾ ਰਹੇ ਹਨ। ਲੀਡਰਸ਼ਿਪ ਦਾ ਇਕੋ ਇਕ ਬ੍ਰਹਮ ਅਸਤਰ ਹੈ - ਸਭ ਕੁਝ ਬੰਦ ਕਰ ਦਿਓ... ਤੁਹਾਨੂੰ ਸਾਰਿਆਂ ਨੂੰ ਮੁਬਾਰਕਵਾਦ, ਤੁਸੀਂ ਅੱਗ ਬੁਝਾਉਣ ਲਈ ਬਹੁਤ ਵਧੀਆ ਕੰਮ ਕਰ ਰਹੇ ਹੋ। ਉਂਜ, ਤੁਹਾਨੂੰ ਇਨ੍ਹਾਂ ਤੱਥਾਂ 'ਤੇ ਗ਼ੌਰ ਫ਼ਰਮਾਉਣੀ ਚਾਹੀਦੀ ਹੈ ਕਿ ਤੁਸੀਂ ਕਰੋਨਾ ਦੇ ਫਰਾਟੇ ਛੱਡਣ ਵਾਲੇ ਮੇਲਿਆਂ ਤੇ ਰੈਲੀਆਂ ਨੂੰ ਇਜਾਜ਼ਤ ਦੇ ਕੇ ਇਸ ਅੱਗ ਨੂੰ ਹਵਾ ਦੇ ਰਹੇ ਸਓ। ਤੁਹਾਨੂੰ ਬੇਰੁਜ਼ਗਾਰੀ, ਭੁੱਖਮਰੀ, ਸਕੂਲਾਂ ਦੀਆਂ ਫੀਸਾਂ, ਕਰਜ਼ੇ ਦੀਆਂ ਕਿਸ਼ਤਾਂ, ਕਿਰਾਏ ਅਤੇ ਤਨਖ਼ਾਹਾਂ ਵਰਗੇ ਮਾਮੂਲੀ ਮਸਲਿਆਂ ਦੀ ਕੋਈ ਚਿੰਤਾ ਨਹੀਂ ਹੈ... ਇਸੇ ਕਰਕੇ ਤੁਹਾਨੂੰ ਲਗਦਾ ਹੈ ਕਿ ਅਰਥਚਾਰੇ 'ਤੇ ਕੋਈ ਖ਼ਾਸ ਅਸਰ ਨਹੀਂ ਪਵੇਗਾ।' ਸਾਰਾ ਕੁਝ ਬੰਦ ਕਰਨਾ ਆਸਾਨ ਹੈ, ਨੌਕਰਸ਼ਾਹਾਂ ਤੇ ਸਿਆਸਤਦਾਨਾਂ ਕੋਲ ਅਜਿਹਾ ਕਰਨ ਦੀ ਤਾਕਤ ਹੈ। ਕਿਸੇ ਵੀ ਪੱਧਰ 'ਤੇ ਲੀਡਰਸ਼ਿਪ ਇਸ ਗੱਲ ਤੋਂ ਪਛਾਣੀ ਜਾਂਦੀ ਹੈ ਕਿ ਇਹ ਸਮਾਜ ਨੂੰ ਕੀ ਦਿੰਦੀ ਹੈ ਨਾ ਕਿ ਸਮਾਜ ਤੋਂ ਕੀ ਖੋਂਹਦੀ ਹੈ। ਇਸ ਕਿਸਮ ਦੀ ਲੀਡਰਸ਼ਿਪ ਗਾਂਧੀ, ਮੰਡੇਲਾ, ਲਿੰਕਨ ਵਰਗੇ ਬੰਦਿਆਂ ਦੇ ਰੂਪ ਵਿਚ ਸਾਕਾਰ ਹੁੰਦੀ ਹੈ। ਉਨ੍ਹਾਂ ਦੀ ਲੀਡਰਸ਼ਿਪ ਨੇ ਅਮਨ, ਧਰਵਾਸ, ਨਿਆਂ ਲੈ ਕੇ ਦਿੱਤਾ ਸੀ- ਤੁਹਾਡੇ ਕੋਲ ਤਕਲੀਫ਼ ਦੇਣ ਤੋਂ ਬਿਨਾਂ ਹੋਰ ਕੁਝ ਹੈ ਹੀ ਨਹੀਂ ਤੇ ਫਿਰ ਤੁਸੀਂ ਕਿਸੇ ਨਿਰੰਕੁਸ਼ ਸ਼ਾਸਕ ਦੀ ਤਰ੍ਹਾਂ ਉਦਾਰਤਾ ਤੇ ਆਜ਼ਾਦੀ ਵੀ ਖੋਹਣਾ ਚਾਹੁੰਦੇ ਹੋ।

* ਜਿਨ੍ਹਾਂ ਲੋਕਾਂ ਦੀ ਇਸ ਕਰਕੇ ਰੋਜ਼ੀ ਰੋਟੀ ਖੁੱਸ ਗਈ ਹੈ, ਉਨ੍ਹਾਂ ਨੂੰ ਸਰਕਾਰ ਕੀ ਦੇਣਾ ਚਾਹੁੰਦੀ ਹੈ?

* ਬਰਬਾਦ ਹੋਏ ਉਨ੍ਹਾਂ ਸਾਰੇ ਛੋਟੇ ਕਾਰੋਬਾਰੀਆਂ ਤੇ ਤਡਥ-ਪਾਈ ਲਈ ਮੁਥਾਜ ਹੋਏ ਸਵੈ-ਰੁਜ਼ਗਾਰ ਚਲਾਉਣ ਵਾਲੇ ਪਰਿਵਾਰਾਂ ਲਈ ਸਰਕਾਰ ਕੀ ਦੇ ਰਹੀ ਹੈ?

* ਵਕੀਲਾਂ, ਲੇਖਾਕਾਰਾਂ, ਹੇਅਰਡ੍ਰੈਸਰਾਂ, ਖਾਣਾ ਪਕਾਉਣ ਵਾਲਿਆਂ, ਸੇਲਜ਼ਮੈਨਾਂ ਤੇ ਅਧਿਆਪਕਾਂ... ਜਿਨ੍ਹਾਂ ਸਾਰਿਆਂ ਦੀ ਬਹੁਤ ਲੰਮੀ ਫ਼ਹਿਰਿਸਤ ਹੈ, ਲਈ ਸਰਕਾਰ ਕੀ ਕਰਨਾ ਚਾਹੁੰਦੀ ਹੈ।

* ਘਰਾਂ 'ਚ ਰਹਿ ਕੇ ਫੋਨਾਂ ਸਹਾਰੇ ਪੜ੍ਹਨ ਵਾਲੇ ਵਿਦਿਆਰਥੀਆਂ ਲਈ ਸਰਕਾਰ ਦੀ ਕੀ ਪੇਸ਼ਕਸ਼ ਹੈ। ਕੁਝ ਵੀ ਨਹੀਂ, ਨਿੱਲ।

ਇਹ ਫ਼ਹਿਰਿਸਤ ਬਹੁਤ ਲੰਮੀ ਹੋ ਸਕਦੀ ਹੈ ਪਰ ਹਾਕਮ ਆਪਣੇ ਵਿਸਟੇ (ਪਾਰਲੀਮੈਂਟ ਤੇ ਪ੍ਰਧਾਨ ਮੰਤਰੀ ਦੀ ਰਿਹਾਇਸ਼ਗਾਹ ਦਾ ਨਵਾਂ ਭਵਨ) ਉਸਾਰਨ, ਠਾਠ-ਬਾਠ ਵਾਲੇ ਉੱਡਣ ਖਟੋਲੇ ਖਰੀਦਣ, ਆਮ ਲੋਕਾਂ ਨੂੰ ਮੂਰਖ ਬਣਾਉਣ ਲਈ ਚੋਣ ਪ੍ਰਚਾਰ ਤੇ ਸਰਕਾਰੀ ਸਕੀਮਾਂ ਦੀ ਇਸ਼ਤਿਹਾਰਬਾਜ਼ੀ 'ਤੇ ਕਰੋੜਾਂ ਰੁਪਏ ਉਡਾਉਣ 'ਚ ਮਸ਼ਰੂਫ਼ ਹਨ। ਪਰ ਮਰ ਚੁੱਕੇ ਤੇ ਮਰਦੇ ਜਾ ਰਹੇ ਲੋਕਾਂ ਨੂੰ ਮੂਰਖ ਕਿਵੇਂ ਬਣਾਓਗੇ, ਜਿਹੜੇ ਪਰਿਵਾਰ ਆਪਣੇ ਜੀਅ ਗੁਆ ਚੁੱਕੇ ਹਨ, ਉਨ੍ਹਾਂ ਨੂੰ ਮੂਰਖ ਕਿਵੇਂ ਬਣਾ ਸਕਦੇ ਹੋ? ਮੈਨੂੰ ਉਮੀਦ ਹੈ ਕਿ ਜੇ ਸੈਂਟਰਲ ਵਿਸਟਾ ਦਾ ਨਿਰਮਾਣ ਪੂਰ ਚੜ੍ਹ ਗਿਆ ਤਾਂ ਇਹ ਅਜਿਹੀ ਵਿਰਲੀ ਤਰਾਸਦੀ ਦੇ ਦੌਰ 'ਚ ਸਾਡੀ ਲੀਡਰਸ਼ਿਪ ਦੀਆਂ ਪੁੱਠੀਆਂ ਤਰਜੀਹਾਂ ਦੀ ਇਕ ਅਜਿਹੀ ਯਾਦਗਾਰ ਬਣ ਕੇ ਰਹਿ ਜਾਵੇਗੀ ਜਿਸ ਦੀ ਬਾਤ ਸਦੀਆਂ ਤੱਕ ਪੈਂਦੀ ਰਹੇਗੀ। ਇਸ ਦੇ ਨਾਲ ਹੀ ਇਹ ਸਾਡੇ ਦੇਸ਼ ਨੂੰ ਇਹ ਚੇਤਾ ਕਰਾਉਂਦਾ ਰਹੇਗਾ ਕਿ ਸਾਡੇ ਆਗੂਆਂ ਨੂੰ ਜਵਾ-ਬਦੇਹ ਬਣਾਇਆ ਜਾਣਾ ਚਾਹੀਦਾ ਹੈ।

**ਗੁਰਬਚਨ ਜਗਤ**
*** ਸਾਬਕਾ ਚੇਅਰਮੈਨ ਯੂਪੀਐੱਸਸੀ ਅਤੇ ਸਾਬਕਾ ਰਾਜਪਾਲ ਮਨੀਪੁਰ।**

### ਮਾਮਲਾ ਪੁਲਸ ਮੁਲਾਜ਼ਮ ਵੱਲੋਂ ਇੱਕ ਅਖਬਾਰ ਵਿਕ੍ਰੇਤਾ ਨਾਲ ਦੁਰਵਿਹਾਰ ਕਰਕੇ ਜਬਰੀਂ ਥਾਣੇ ਲੈਕੇ ਜਾਣ ਦਾ

## ਪੰਜਾਬ ਸਰਕਾਰ ਦੇ ਲੌਕਡਾਊਣ ਨੂੰ ਟਿੱਚ ਜਾਣਦੇ ਨੇ ਸ਼ਹਿਰ ਕੋਟਕਪੂਰਾ ਦੇ ਸਬਜੀ ਅਤੇ ਫਲ-ਫਰੂਟਾਂ ਵਾਲੇ

**ਕੋਟਕਪੂਰਾ ( ਰੋਹਿਤ ਆਜ਼ਾਦ ):-** ਜਿੱਥੇ ਹਰ ਪਾਸੇ ਸ਼ਨੀਵਾਰ ਅਤੇ ਐਂਤਵਾਰ ਨੂੰ ਪੰਜਾਬ ਸਰਕਾਰ ਦੇ ਲੌਕਡਾਊਣ ਨੂੰ ਹਰੇਕ ਦੁਕਾਨਦਾਰ ਵੱਲੋਂ ਆਪਣੀ ਦੁਕਾਨ ਬੰਦ ਰੱਖਕੇ ਸਫਲ ਬਣਾਇਆ ਜਾ ਰਿਹਾ ਹੈ ਉੱਥੇ ਹੀ ਸ਼ਹਿਰ ਕੋਟਕਪੂਰਾ ਅੰਦਰ ਸਬਜੀਆਂ ਅਤੇ ਫਲ-ਫਰੂਟਾਂ ਵਾਲੇ ਵੱਡੇ ਦੁਕਾਨਦਾਰਾਂ ਵੱਲੋਂ ਆਪਣੀਆਂ ਦੁਕਾਨਾਂ ਨੂੰ ਖੋਲਕੇ ਅਤੇ ਸਬਜੀਆਂ ਅਤੇ ਫਲ-ਫਰੂਟਾਂ ਦੀਆਂ ਰੇਹੜੀਆਂ ਵਾਲੇਆਂ ਵੱਲੋਂ ਸ਼ਹਿਰ ਦੇ ਵੱਖ-ਵੱਖ ਥਾਵਾਂ ਤੇ ਆਪਣੀਆਂ ਸਬਜੀਆਂ ਅਤੇ ਫਲ-ਫਰੂਟਾਂ ਦੀਆਂ ਰੇਹੜੀਆਂ ਲਗਾਕੇ ਪੰਜਾਬ ਸਰਕਾਰ ਦੇ ਇਸ ਲੌਕਡਾਊਣ ਦਾ ਮਖੌਲ ਬਣਾਇਆ ਜਾ ਰਿਹਾ ਹੈ। ਇਸ ਦੀ ਤਾਜ਼ਾ ਉਦਾਹਰਣ ਸ਼ਹਿਰ ਦੇ ਰੇਲਵੇ ਰੌਡ ਤੇ ਸਥਿਤ ਸ਼ਹਿਰ ਦੀਆਂ ਦੋ ਕੁ ਮਸ਼ਹੂਰ ਤੇ ਪੁਰਾਣੀਆਂ ਸਬਜੀਆਂ ਅਤੇ ਫਲ-ਫਰੂਟਾਂ ਦੀਆਂ ਦੁਕਾਨਾਂ ਵਾਲੇ ਇਸ ਲੌਕਡਾਊਣ ਦੇ ਚੱਲਦਿਆਂ ਆਪਣੀਆਂ ਦੁਕਾਨਾਂ ਨੂੰ ਖੋਲਕੇ ਪੁਲਸ ਪ੍ਰਸ਼ਾਸਨ ਨੂੰ ਚਿੜਾ ਰਹੇ ਹਨ ਜਿਸ ਵਿੱਚ ਸ਼ਹਿਰ ਦਾ ਪੁਲਸ ਪ੍ਰਸ਼ਾਸਨ ਵੀ ਮੂਕ ਦਰਸਕ ਬਣਿਆ ਇੰਨਾਂ ਖਿਲਾਫ ਕੁਝ ਵੀ ਨਹੀਂ ਕਰ ਸਕਦਾ ਬਲਕਿ ਆਪਣੀ ਡਿਊਟੀ ਪੂਰੀ ਕਰਨ ਦੇ ਚੱਕਰ ਵਿੱਚ ਸ਼ਹਿਰ ਦੇ ਰੇਲਵੇ ਸਟੇਸ਼ਨ ਦੇ ਬਾਹਰ ਸਥਿਤ ਇੱਕ ਪੁਰਾਣੀ ਅਖਬਾਰਾਂ ਵਾਲੇ ਦੁਕਾਨਦਾਰ ਜੋ ਕਿ ਪਹਿਲਾਂ ਹੀ ਲੌਕਡਾਊਣ ਦੀ ਮਾਰ ਦੇ ਨਾਲ ਝੰਬਿਆ ਹੋਇਆ ਆਪਣਾ ਅਖਬਾਰਾਂ ਦਾ ਕੰਮ ਛੱਡਕੇ ਤਾਜਾ ਦੋ ਤਿੰਨ ਦਿਨਾਂ ਤੋਂ ਆਪਣੀ ਦੁਕਾਨ ਨੂੰ ਬੰਦ ਰੱਖਕੇ ਸਰਕਾਰ ਦਾ ਸਮਰਥਨ ਕਰਕੇ ਆਪਣੀ ਸਬਜੀ ਅਤੇ ਫਲ-ਫਰੂਟ ਵਗੈਰਾ ਆਪਣੀ ਬੰਦ ਦੁਕਾਨ ਦੇ ਬਾਹਰ ਰੱਖਕੇ ਵੇਚ ਰਿਹਾ ਹੈ ਪਰ ਪੁਲਸ ਅਧਿਕਾਰੀਆਂ ਵੱਲੋਂ ਲਗਾਤਾਰ ਉਸਨੂੰ ਹੀ ਆਪਣਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਗੱਲ ਦੀ ਪੁਸ਼ਟੀ ਉਸ ਉਕਤ ਅਖਬਾਰ ਵਿਕ੍ਰੇਤਾ ਦੁਕਾਨਦਾਰ ਜਤਿੰਦਰ ਕੁਮਾਰ ਸ਼ਰਮਾ ਨੇ ਮੀਡੀਆ ਨੂੰ ਦਿੱਤੇ ਆਪਣੇ ਰੋਸ ਪੱਤਰ ਵਿੱਚ ਕੀਤੀ ਹੈ। ਉਸਨੇ ਆਪਣੇ ਪੱਤਰ ਵਿੱਚ ਦੱਸਿਆ ਹੈ ਕਿ ਲੰਘੀ ਮਿਤੀ 15 ਮਈ ਦਿਨ ਸ਼ਨੀਵਾਰ ਉਹ ਆਪਣੀ ਦੁਕਾਨ ਬੰਦ ਰੱਖਕੇ ਆਪਣਾ ਸਬਜੀ, ਫਲ-ਫਰੂਟ ਵਗੈਰਾ ਆਪਣੀ ਦੁਕਾਨ ਦੇ ਬਾਹਰ ਰੱਖਕੇ ਵੇਚ ਰਿਹਾ ਸੀ ਤੇ ਉਸਦੀ ਦੁਕਾਨ ਤੋਂ ਥੋੜੀ ਦੂਰੀ ਤੇ ਗੋਲਡੀ ਸਬਜੀ-ਫਰੂਟ ਵਾਲੇ ਅਤੇ ਗਰੋਵਰ ਫਰੂਟ ਵਾਲੇ ਦੋਨੋ ਹੀ ਆਪਣੀਆਂ ਦੁਕਾਨਾਂ ਨੂੰ ਖੋਲਕੇ ਆਪਣੀ ਦੁਕਾਨਦਾਰੀ ਕਰ ਰਹੇ ਸਨ ਤੇ ਉਨਾਂ ਦੋਵਾਂ ਦੀਆਂ ਦੁਕਾਨਾਂ ਤੇ ਹੀ ਗ੍ਰਾਹਕਾਂ ਦੀ ਵੀ ਭਾਰੀ ਭੀੜ ਨਜਰ ਆ ਰਹੀ ਸੀ। ਪਰ ਉਸ ਦਿਨ ਸੁਭ੍ਹਾ 10-11 ਵਜੇ ਦੇ ਦਰਮਿਆਨ ਇੱਕ ਵਾਰ ਪੁਲਸ ਜਿਪਸੀ ਵਿੱਚ ਬੈਠੇ ਏਐਸਆਈ ਪ੍ਰੀਤਮ ਸਿੰਘ ਅਤੇ ਬਾਅਦ ਵਿੱਚ ਕਿਸੇ ਹੋਰ ਪੁਲਸ ਮੁਲਾਜ਼ਮ ਵੱਲੋਂ ਉਨਾਂ ਨੂੰ ਕੁਝ ਨਾ ਕਹਿਕੇ ਵਾਰ-ਵਾਰ ਉਸ ਅਖਬਾਰ ਵਿਕ੍ਰੇਤਾ ਨੂੰ ਹੀ ਤੰਗ ਕੀਤਾ ਗਿਆ ਕੀ ਤੂੰ ਆਪਣੀਆਂ ਆਈਟਮਾਂ ਚੁੱਕ ਲੈ ਤੂੰ ਲੌਕਡਾਊਣ ਦੀ ਉਲੰਘਣਾ ਕਰਦਾ ਪਿਆਂ। ਉਸਨੇ ਦੱਸਿਆ ਕਿ ਇਸਤੋਂ ਬਾਅਦ ਵੀ ਕਈ ਵਾਰ ਉਨਾਂ ਮੇਰੇ ਕੋਲ ਆਕੇ ਇਹੀ ਕਿਹਾ ਗਿਆ ਤਾਂ ਉਸ ਵੇਲੇ ਮੈਂ ਤਾਂ ਆਪਣਾ ਸਾਮਾਨ ਵਗੈਰਾ ਚੁੱਕ ਲਿਆ ਸੀ ਪ੍ਰੰਤੂ ਉਕਤ ਦੋਵਾਂ ਦੁਕਾਨਦਾਰਾਂ ਵੱਲੋਂ ਇਸਦਾ ਪਾਲਣ ਨਹੀਂ ਕੀਤਾ ਗਿਆ ਤੇ ਉਹ ਆਪਣੀ ਦੁਕਾਨਦਾਰੀ ਨੂੰ ਉਝ ਹੀ ਕਰਦੇ ਨਜਰ ਆਏ ਜਿਸਦੀਆਂ ਕਿ ਉਸ ਵੇਲੇ ਦੀਆਂ ਤਸਵੀਰਾਂ ਮੇਰੇ ਵੱਡੇ ਬੇਟੇ ਪੱਤਰਕਾਰ ਰੋਹਿਤ ਆਜ਼ਾਦ ਵੱਲੋਂ ਆਪਣੇ ਕੈਮਰੇ ਅੰਦਰ ਵੀ ਖਿੱਚੀਆਂ ਗਈਆਂ ਤੇ ਇਹ ਮਾਮਲਾ ਉਨਾਂ ਵੱਲੋਂ ਹੋਰਨਾਂ ਪੁਲਸ ਅਧਿਕਾਰੀਆਂ ਦੇ ਧਿਆਨ ਵਿੱਚ ਵੀ ਲਿਆਂਦਾ ਗਿਆ ਪ੍ਰੰਤੂ ਉਨਾਂ ਦੁਕਾਨਦਾਰਾਂ ਤੇ ਇਸਦਾ ਕੋਈ ਅਸਰ ਨਾ ਹੋਇਆ। ਉਸਨੇ ਦੱਸਿਆ ਕਿ ਅਗਲੇ ਦਿਨ ਯਾਨੀ ਕਿ ਮਿਤੀ 16 ਮਈ ਦਿਨ ਐਂਤਵਾਰ ਨੂੰ ਸੁਭ੍ਹਾ 11 ਵਜੇ ਦੇ ਆਸ-ਪਾਸ ਪੁਲਸ ਜਿਪਸੀ ਵਿੱਚ ਮੌਜੂਦ ਏਐਸਆਈ ਚਮਕੌਰ ਸਿੰਘ ਤੇ ਉਸਦੀ ਟੀਮ ਵੱਲੋਂ ਫਿਰ ਉਸੇ ਅਖਬਾਰ ਵਿਕ੍ਰੇਤਾ ਦੁਕਾਨਦਾਰ ਜਤਿੰਦਰ ਕੁਮਾਰ ਸ਼ਰਮਾ ਨਾਲ ਬਹਿਸਬਾਜ਼ੀ ਦੌਰਾਣ ਉਦੋਂ ਦੋਨਾਂ ਵਿਚਕਾਰ ਕਾਫੀ ਤੂ-ਤੂ ਮੈਂ-ਮੈਂ ਹੋਈ ਤੇ ਬਾਅਦ ਵਿੱਚ ਏਐਸਆਈ ਚਮਕੌਰ ਸਿੰਘ ਵੱਲੋਂ ਉਸ ਦੁਕਾਨਦਾਰ ਦਾ ਅੱਡਾ ਸੰਭਲਾਉਣ ਤੋਂ ਬਾਅਦ ਉਸ ਅਖਬਾਰ ਵਿਕ੍ਰਤਾ ਨੂੰ ਆਪਣੀ ਪੁਲਸ ਜਿਪਸੀ ਵਿੱਚ ਬਿਠਾਕੇ ਸਿਟੀ ਥਾਣਾ ਕੋਟਕਪੂਰਾ ਵਿਖੇ ਲਿਆਂਦਾ ਗਿਆ ਤੇ ਥਾਣਾ ਸਿਟੀ ਕੋਟਕਪੂਰਾ ਵਿਖੇ ਵੀ ਉਸ ਅਖਬਾਰ ਵਿਕ੍ਰੇਤਾ ਦੁਕਾਨਦਾਰ ਤੇ ਉਸ ਏਐਸਆਈ ਵਿੱਚ ਕਾਫੀ ਬੋਲਬਾਲਾ ਹੁੰਦਾ ਰਿਹਾ ਤੇ ਬਾਅਦ ਵਿੱਚ ਉਸ ਏਐਸਆਈ ਵੱਲੋਂ ਉਸ ਅਖਬਾਰ ਵਿਕ੍ਰੇਤਾ ਦੁਕਾਨਦਾਰ ਉੱਪਰ ਪਰਚਾ ਪਾਉਣ ਦੀ ਕਾਰਵਾਈ ਵੀ ਉਲੀਕੀ ਗਈ ਪ੍ਰੰਤੂ ਉਸ ਅਖਬਾਰ ਵਿਕ੍ਰੇਤਾ ਦੁਕਾਨਦਾਰ ਦੇ ਵੱਡੇ ਬੇਟੇ ਰੋਹਿਤ ਆਜ਼ਾਦ ਪੱਤਰਕਾਰ ਅਤੇ ਛੋਟੇ ਭਰਾ ਪੱਤਰਕਾਰ ਭਾਰਤ ਭੂਸ਼ਨ ਆਜ਼ਾਦ ਜੋ ਕਿ ਪ੍ਰੈੱਸ ਕਲੱਬ (ਰਜਿ.) ਕੋਟਕਪੂਰਾ ਦੇ ਪ੍ਰਧਾਨ ਹਨ ਉਨਾਂ ਅਤੇ ਹੋਰ ਪੱਤਰਕਾਰ ਸਾਥਿਆਂ ਵੱਲੋਂ ਮੌਕੇ ਤੇ ਪਹੁੰਚਕੇ ਉਸ ਅਖਬਾਰ ਵਿਕ੍ਰੇਤਾ ਦੁਕਾਨਦਾਰ ਅਤੇ ਉਸ ਏਐਸਆਈ ਦੀ ਗੱਲ ਪੂਰੀ ਤਰਾਂ ਸੁਣਨ ਤੋਂ ਬਾਅਦ ਭਾਰੀ ਮੁਸ਼ੱਕਤ ਕਰਨ ਤੇ ਮੀਡੀਆ ਦੀ ਸਹਾਇਤਾ ਨਾਲ ਏਐਸਆਈ ਵੱਲੋਂ ਉਸ ਅਖਬਾਰ ਵਿਕ੍ਰੇਤਾ ਨੂੰ ਕਾਫੀ ਜੱਦੋ-ਜਹਿੱਦ ਕਰਨ ਤੋਂ ਬਾਅਦ ਉਸਨੂੰ ਸਮਝਾ-ਬੁਝਾਕੇ ਵਾਪਸ ਭੇਜਿਆ ਗਿਆ। ਪ੍ਰੰਤੂ ਇਹ ਮਾਮਲਾ ਸਾਂਤ ਹੋਣ ਤੋਂ ਬਾਅਦ ਜਦ ਉਹ ਅਖਬਾਰ ਵਿਕ੍ਰੇਤਾ ਆਪਣੀ ਦੁਕਾਨ ਤੇ ਗਿਆ ਤਾਂ ਉਸਨੇ ਦੇਖਿਆ ਕਿ ਉਹ ਦੋਵੇਂ ਉਕਤ ਦੁਕਾਨਦਾਰ ਆਪਣਾ ਕੰਮਕਾਰ ਉਵੇਂ ਹੀ ਸਟਰ ਨੀਵਾਂ ਕਰਕੇ ਕਰ ਰਹੇ ਹਨ। ਇੰਝ ਹੋ ਰਿਹਾ ਦੇਖਦਿਆਂ ਅਖਬਾਰ ਵਿਕ੍ਰੇਤਾ ਦੁਕਾਨਦਾਰ ਨੇ ਇਸ ਗੱਲ ਤੇ ਭਾਰੀ ਰੋਸ ਜਤਾਇਆ ਹੈ ਕਿ ਆਖਿਰ ਉਸਦੀ ਕੋਈ ਪੁਲਸ ਨਾਲ ਕੋਈ ਨਿਜ਼ੀ ਦੁਸ਼ਮਣੀ ਹੈ ਜਾਂ ਫਿਰ ਉਸਨੇ ਕੋਈ ਭੈੜਾ ਕ੍ਰਾਈਮ ਕੀਤਾ ਹੈ ਤੇ ਜਾਂ ਫਿਰ ਉਸ ਕੋਲੋਂ ਕੋਈ ਅਫੀਮ, ਭੁੱਕੀ ਜਾਂ ਸਮੈਕ ਵਗੈਰਾ ਫੜੀ ਗਈ ਹੈ। ਪਹਿਲਾਂ ਹੀ ਲੌਕਡਾਊਣ ਦੀ ਮਾਰ ਝੰਬੇ ਉਸ ਅਖਬਾਰ ਵਿਕ੍ਰੇਤਾ ਦੁਕਾਨਦਾਰ ਨੇ ਆਪਣਾ ਅਖਬਾਰੀ ਕੰਮ ਛੱਡਕੇ ਜੇਕਰ ਆਪਣੇ ਪਰਿਵਾਰ ਦਾ ਪੇਟ ਪਾਲਣ ਵਾਸਤੇ ਜੇਕਰ ਉਸਨੇ ਸਬਜੀ, ਫਲ-ਫਰੂਟ ਵਗੈਰਾ ਜੇ ਆਪਣੀ ਦੁਕਾਨ ਦੇ ਬਾਹਰ ਲਗਾ ਵੀ ਲਿਆ ਤਾਂ ਉਸਨੇ ਇਸ ਵਿੱਚ ਕਿੰਨਾ ਕੁ ਵੱਡਾ ਕ੍ਰਾਈਮ ਕਰ ਲਿਆ। ਉਸਨੇ ਕਿਹਾ ਕਿ ਆਖਿਰ ਪੁਲਸ ਪ੍ਰਸ਼ਾਸਨ ਵੱਲੋਂ ਉਸਨੂੰ ਹੀ ਕਿਉਂ ਤੰਗ ਪਰੇਸ਼ਾਨ ਕੀਤਾ ਜਾ ਰਿਹਾ ਹੈ ਹਾਲਾਂਕਿ ਸ਼ਹਿਰ ਵਿੱਚ ਹੋਰ ਵੀ ਵਾਧੂ ਥਾਵਾਂ ਤੇ ਜਿਵੇਂ ਕਿ ਉੱਪਰ ਰੇਲਵੇ ਰੌਡ ਦੇ ਦੋ ਕੁ ਦੁਕਾਨਦਾਰਾਂ ਦਾ ਜਿਕਰ ਕੀਤਾ ਗਿਆ ਹੈ ਇਸ ਤਰਾਂ ਦੇ ਕਈ ਦੁਕਾਨਦ-ਾਰ ਅਜਿਹੇ ਹਨ ਜੋ ਕਿ ਪੰਜਾਬ ਸਰਕਾਰ ਦੇ ਇਸ ਲੌਕਡਾਊਣ ਦੀ ਉਲੰਘਣਾ ਕਰ ਰਹੇ ਹਨ ਤੇ ਸਰਕਾਰੀ ਹੁਕਮਾਂ ਨੂੰ ਟਿੱਚ ਜਾਣਦੇ ਹਨ ਪ੍ਰੰਤੂ ਉਨਾਂ ਦੁਕਾਨਦਾਰਾਂ ਨੂੰ ਛੱਡਕੇ ਪੁਲਸ ਵੱਲੋਂ ਮੇਰੇ ਨਾਲ ਹੀ ਅਜਿਹਾ ਵਤੀਰਾ ਕਿਉਂ ਕੀਤਾ ਜਾ ਰਿਹਾ ਹੈ। ਆਖਿਰ ਉਸਨੇ ਆਪਣਾ ਇਹ ਮਾਮਲਾ ਸਿਵਲ ਪ੍ਰਸ਼ਾਸਨ ਅਤੇ ਸੀਨੀਅਰ ਪੁਲਸ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਕੇ ਇੰਸਾਫ ਦੀ ਮੰਗ ਕੀਤੀ ਹੈ ਤੇ ਨਾਲ ਹੀ ਉਨਾਂ ਇਹ ਵੀ ਕਿਹਾ ਹੈ ਕਿ ਸ਼ਨੀਵਾਰ, ਐਂਤਵਾਰ ਦੌਰਾਣ ਸਾਰਾ ਸ਼ਹਿਰ ਹੀ ਪੂਰਨ ਤੌਰ ਤੇ ਬੰਦ ਰੱਖਿਆ ਜਾਵੇ, ਇਸ ਦੌਰਾਣ ਮੰਡੀਆਂ ਵੀ ਬੰਦ ਰੱਖਿਆਂ ਜਾਣ ਤਾਂ ਜੋ ਇਸ ਲੌਕਡਾਊਣ ਦੌਰਾਣ ਕੋਈ ਵੀ ਸਬਜੀ, ਫਲ-ਫਰੂਟ ਆਦਿ ਸ਼ਹਿਰ ਅੰਦਰ ਨਾ ਆ ਸਕੇ। ਉਨਾਂ ਕਿਹਾ ਕਿ ਮੈਡੀਕਲ ਤੇ ਹੋਰ ਐਮਰਜੰਸੀ ਸੇਵਾਵਾਂ ਨੂੰ ਛੱਡਕੇ ਬਾਕੀ ਸਭ ਕੁਝ ਲੌਕਡਾਊਣ ਵਿੱਚ ਬੰਦ ਹੋਣਾ ਚਾਹੀਦਾ ਹੈ ਤੇ ਨਾਲ ਹੀ ਇੰਨਾਂ ਪੁਲਸ ਮੁਲਾਜ਼ਮਾਂ, ਅਧਿਕਾਰੀਆਂ ਨੂੰ ਹਦਾਇਤ ਕੀਤੀ ਜਾਵੇ ਕੀ ਮੇਰੇ ਜਾਂ ਮੇਰੇ ਵਰਗੇ ਕਿਸੇ ਹੋਰ ਗਰੀਬ ਤੇ ਮਜਲੂਮ ਦੁਕਾਨਦਾਰ ਜਾਂ ਵਿਅਕਤੀ ਤੇ ਆਪਣੀ ਵਰਦੀ ਦਾ ਰੌਅਬ ਨਾ ਪਾਇਆ ਜਾਵੇ। ਉਨਾਂ ਆਖਿਆ ਕਿ ਵੈਸੇ ਦੇਖਿਆ ਜਾਵੇ ਤਾਂ ਪੰਜਾਬ ਸਰਕਾਰ ਦੇ ਇਸ ਲੌਕਡਾਊਣ ਦਾ ਬੁਰਾ ਅਸਰ ਸਭ ਤੋਂ ਜਿਆਦਾ ਮੇਰੇ ਜਾਂ ਮੇਰੇ ਵਰਗੇ ਇੰਨਾਂ ਗਰੀਬ ਤੇ ਮਜਲੂਮ ਦੁਕਾਨਦਾਰਾਂ ਜਾਂ ਵਿਅਕਤੀਆਂ ਤੇ ਹੀ ਵੇਖਣ ਨੂੰ ਮਿਲ ਰਿਹਾ ਹੈ ਤੇ ਨਾਲੇ ਪੰਜਾਬ ਸਰਕਾਰ ਦੇ ਲੌਕਡਾਊਣ ਨੂੰ ਆਪਣੀਆਂ ਦੁਕਾਨਾਂ ਨੂੰ ਬੰਦ ਰੱਖਕੇ ਸਭ ਤੋਂ ਜਿਆਦਾ ਸਾਥ ਵੀ ਮੇਰੇ ਜਾਂ ਮੇਰੇ ਵਰਗੇ ਇੰਨਾਂ ਗਰੀਬ ਅਤੇ ਮਜਲੂਮ ਦੁਕਾਨਦਾਰਾਂ ਜਾਂ ਵਿਅਕਤੀਆਂ ਵੱਲੋਂ ਹੀ ਸਫਲ ਕੀਤਾ ਜਾ ਰਿਹਾ ਹੈ ਜੋ ਕਿ ਆਪਣਾ ਵਪਾਰ ਬੰਦ ਕਰਕੇ, ਆਪਣਾ ਕੰਮਕਾਰ ਆਪ ਹੀ ਠੱਪ ਕਰਕੇ ਪੰਜਾਬ ਸਰਕਾਰ ਦੇ ਇਸ ਲੌਕਡਾਊਣ ਦਾ ਵਧਿਆ ਸਾਥ ਦੇ ਰਹੇ ਹਨ। ਉਨਾਂ ਦੱਸਿਆ ਕਿ ਇਸ ਮਾਮਲੇ ਬਾਰੇ ਉਨਾਂ ਪੰਜਾਬ ਦੇ ਮੁੱਖ ਮੰਤਰੀ ਸ. ਕੈਪਟਨ ਅਮਰਿੰਦਰ ਸਿੰਘ, ਦੇਸ਼ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਅਤੇ ਪੁਲਸ ਦੇ ਸੀਨੀਅਰ ਅਧਿਕਾਰੀਆਂ ਨੂੰ ਚੰਡੀਗੜ੍ਹ ਵਿਖੇ ਵੀ ਉਨਾਂ ਨੂੰ ਲਿਖਤੀ ਪੱਤਰ ਰਾਹੀਂ ਕਾਰਵਾਈ ਹਿੱਤ ਭੇਜੀ ਗਈ ਹੈ ਅਤੇ ਉਨਾਂ ਮੰਗ ਕੀਤੀ ਹੈ ਕਿ ਇਸ ਪਾਸੇ ਵੀ ਸਰਕਾਰਾਂ ਨੂੰ ਧਿਆਨ ਦੇਣਾ ਚਾਹੀਦਾ ਹੈ।




## ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਵਲੋ ਮੰਗਾਂ ਦੀ ਪ੍ਰਾਪਤੀ ਲਈ ਮੁਜ਼ਾਹਰਾ ਕਰਕੇ ਜ਼ਿਲਾ ਅਧਿਕਾਰੀਆਂ ਨੂੰ ਦਿੱਤਾ ਮੰਗ ਪੱਤਰ

**ਕਰਤਾਰਪੁਰ (ਜਸਵੰਤ ਵਰਮਾ, ਦਿਨੇਸ਼ ਕੁਮਾਰ)** ਬੇਜ਼ਮੀਨੇ ਮਜ਼ਦੂਰਾਂ ਦੀਆਂ ਮੰਗਾਂ ਦੀ ਪਰਾਪਤੀ ਲਈ ਅੱਜ, ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੀ ਅਗਵਾਈ ਵਿਚ ਸੈਂਕੜੇ ਪੇਂਡੂ ਤੇ ਖੇਤ ਮਜ਼ਦੂਰ ਪਰਿਵਾਰਾਂ ਨੇ ਇਥੋਂ ਦੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਰੈਲੀ ਕਰਨ ਉਪਰੰਤ ਇਥੋਂ ਦੇ ਬੀ ਐਮ ਸੀ ਚੌਕ ਤੱਕ ਮੁਜ਼ਾਹਰਾ ਕਰਕੇ ਜ਼ਲਿ੍ਹਾ ਅਧਿਕਾਰੀਆਂ ਨੂੰ ਮੰਗ ਪੱਤਰ ਸੌਂਪਿਆਂ।

ਸਾਂਝੇ ਮੋਰਚੇ ਨੇ ਆਪਣੇ ਮੰਗ ਪੱਤਰ ਰਾਹੀਂ ਕੇਂਦਰ ਸਰਕਾਰ ਤੋਂ ਤਿੰਨੇ ਖੇਤੀ ਕਾਨੂੰਨਾਂ ਸਮੇਤ ਕਿਰਤ ਕਾਨੂੰਨਾਂ ਵਿਚ ਕੀਤੀਆਂ ਸੋਧਾਂ ਅਤੇ ਬਿਜਲੀ ਸੋਧ ਕਾਨੂੰਨ 2020 ਰੱਦ ਕਰਨ ਦੀ ਮੰਗ ਕੀਤੀ, ਮਜ਼ਦੂਰ ਜਥੇਬੰਦੀਆਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਮਜ਼ਦੂਰਾਂ ਦੇ ਸਮੁੱਚੇ ਕਰਜ਼ੇ ਮਾਫ ਕੀਤੇ ਜਾਣ, ਮਜ਼ਦੂਰਾਂ ਨੂੰ 10- 10 ਮਰਲੇ ਦੇ ਰਿਹਾਇਸ਼ੀ ਪਲਾਟ ਦਿੱਤੇ ਜਾਣ, ਪੱਕੇ ਰੁਜ਼ਗਾਰ ਦਾ ਪ੍ਰਬੰਧ ਕੀਤਾ ਜਾਵੇ, ਸਰਵਜਨਕ ਜਨਤਕ ਵੰਡ ਪ੍ਰਣਾਲੀ ਸੰਚਾਰੂ ਢੰਗ ਨਾਲ ਚਲਾਉਣ, ਪੰਚਾਇਤੀ ਜ਼ਮੀਨਾਂ 'ਚੋਂ ਤੀਜੇ ਹਿਸੇ ਦੀ ਰਾਖਵੀਂ ਜ਼ਮੀਨ ਮਜ਼ਦੂਰਾਂ ਨੂੰ ਦੇਣਾ ਯਕੀਨੀ ਬਣਾਇਆ ਜਾਵੇ, ਬਿਜਲੀ ਅਤੇ ਪਾਣੀ ਬਿੱਲ ਮਾਫ ਕੀਤੇ ਜਾਣ, ਮਗਨ-ਰੇਗਾ ਤਹਿਤ ਸਾਰਾ ਸਾਲ ਕੰਮ ਅਤੇ 600 ਰੁਪਏ ਦਿਹਾੜੀ ਦਿੱਤੀ ਜਾਵੇ। ਮਜ਼ਦੂਰ ਆਗੂਆਂ ਨੇ ਬੋਲਦੇ ਹੋਏ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਕਰੋਨਾ ਮਹਾਂਮਾਰੀ ਨਾਲ ਨਜਿੱਠਣ ਲਈ ਫੇਲ ਹੋਈਆਂ ਹਨ। ਉਨ੍ਹਾਂ ਕਿਹਾ ਕਿ ਸਿਰਫ ਪੁਲੀਸ ਦੇ ਜੋਰ ਤਾਲਾਬੰਦੀ ਕਰਕੇ ਲੋਕਾਂ ਨੂੰ ਘਰਾਂ ਵਿਚ ਤਾੜ ਕੇ ਬਿਮਾਰੀ ਦਾ ਇਲਾਜ ਨਹੀਂ ਕੀਤਾ ਜਾ ਸਕਦਾ। ਉਹਨਾਂ ਬੇਲੋੜੀਆਂ ਪਾਬੰਦੀਆਂ ਲਾਉਣ ਦੀ ਸਖਤ ਸਬਦਾਂ ਵਿਚ ਨਿੰਦਾਂ ਕੀਤੀ। ਮਜ਼ਦੂਰਾਂ ਦੇ ਸਾਂਝੇ ਮੋਰਚੇ ਨੇ ਬੀਤੇ ਕੱਲ ਹਰਿਆਣਾ ਵਿਚ ਕਿਸਾਨਾਂ ਤੇ ਲਾਠੀਚਾਰਜ ਕਰਨ ਦੀ ਵੀ ਨਿੰਦਾ ਕੀਤੀ।



ਇਕ ਸ਼ੋਕ ਮਤੇ ਰਾਹੀਂ, ਮਜ਼ਦੂਰ ਜਥੇਬੰਦੀਆਂ ਦੇ ਸਦੀਵੀ ਵਿਛੋੜੇ ਦੇ ਗਏ, ਇਨਕਲਾਬੀ ਸ਼ਾਇਰ ਮਹਿੰਦਰ ਸਾਥੀ,ਅਭੈ ਸੰਧੂ,ਟਰੇਡ ਯੂਨੀਅਨ ਆਗੂ ਸੱਜਣ ਸਿੰਘ ਸਮੇਤ ਸਭਨਾ ਵਿਛੜੇ ਸਾਥੀਆਂ ਨੂੰ ਸ਼ਰਧਾਂਜਲੀ ਭੇਟ ਕੀਤੀ।

ਇਸ ਮੌਕੇ ਹੋਰਨਾਂ ਤੋਂ ਬਿਨਾਂ ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਸੂਬਾਈ ਆਗੂ ਹਰਮੇਸ਼ ਮਾਲੜੀ ਅਤੇ ਹਰਪਾਲ ਬਿੱਟੂ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਪ੍ਰਧਾਨ ਦਰਸ਼ਨ ਨਾਹਰ, ਬਲਦੇਵ ਨੂਰਪੁਰੀ ਅਤੇ ਨਿਰਮਲ ਸਿੰਘ ਸਹੋਤਾ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਕਸ਼ਮੀਰ ਸਿੰਘ ਘੁੱਗਸ਼ੋਰ, ਹੰਸ ਰਾਜ ਪੱਬਵਾਂ ਅਤੇ ਗੁਰਪ੍ਰੀਤ ਸਿੰਘ ਚੀਦਾ ਨੇ ਸੰਬੋਧਨ ਕੀਤਾ।

## ਫਰੰਟ ਲਾਈਨ ਕੋਰੋਨਾ ਯੋਧਾਵਾਂ ਦਾ ਡੀ.ਐੱਸ.ਪੀ ਸੁਖਪਾਲ ਸਿੰਘ ਰੰਧਾਵਾ ਅਤੇ ਥਾਣਾ ਮੁਖੀ ਰਾਜੀਵ ਕੁਮਾਰ ਨੇ ਹੌਸਲਾ ਵਧਾਇਆ



**ਕਰਤਾਰਪੁਰ (ਜਸਵੰਤ ਵਰਮਾ/ਦਿਨੇਸ਼ ਕੁਮਾਰ)** ਕੋਰੋਨਾ ਮਹਾਂਮਾਰੀ ਦੇ ਦੌਰਾਨ ਫਰੰਟ ਲਾਈਨ ਤੇ ਕੰਮ ਕਰ ਰਹੇ ਪੱਤਰਕਾਰ ਕੋਰੋਨਾ ਯੋਧਾਵਾਂ ਦਾ ਹੌਂਸਲਾ ਵਧਾਉਂਦੇ ਹੋਏ ਅੱਜ ਪੁਲੀਸ ਸਟੇਸ਼ਨ ਕਰਤਾਰਪੁਰ ਥਾਣਾ ਮੁਖੀ ਰਾਜੀਵ ਕੁਮਾਰ ਦੀ ਦੇਖ ਰੇਖ ਵਿਚ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ।ਜਿਸ ਵਿੱਚ ਕਰਤਾਰਪੁਰ ਸਬ ਡੀਵੀਜ਼ਨ ਦੇ ਡੀ ਐਸ ਪੀ ਸੁਖਪਾਲ ਸਿੰਘ ਰੰਧਾਵਾ ਵਿਸ਼ੇਸ਼ ਤੌਰ ਤੇ ਪਹੁੰਚੇ ।

ਇਸ ਦੌਰਾਨ ਪੁਲੀਸ ਅਧਿਕਾਰੀਆਂ ਨੇ ਕਰਤਾਰਪੁਰ ਦੇ ਢੇੜ ਦਰਜਨ ਦੇ ਕਰੀਬ ਪੱਤਰਕਾਰਾਂ ਦਾ ਹੌਸਲਾ ਵਧਾਇਆ ਅਤੇ ਉਨ੍ਹਾਂ ਦੁਆਰਾ ਕੀਤੇ ਗਏ ਕੰਮਾਂ ਦੀ ਹੌਂਸਲਾ ਅਫਜਾਈ ਕੀਤੀ ਅਤੇ ਆਪਣੇ ਆਪ ਨੂੰ ਕੋਰੋਨਾ ਮਹਾਂਮਾਰੀ ਤੋਂ ਬਚ ਕੇ ਕੰਮ ਕਰਨ ਅਤੇ ਆਪਣੇ ਪਰਿਵਾਰਾਂ ਦਾ ਖਿਆਲ ਰੱਖਣ ਲਈ ਵੀ ਕਿਹਾ ਅਤੇ ਪੁਲੀਸ ਪ੍ਰਸ਼ਾਸਨ ਵੱਲੋਂ ਸਾਰੇ ਪੱਤਰਕਾਰਾਂ ਨੂੰ ਮਾਸਕ, ਸੈਨੀਟਾਈਜਰ, ਹੈਡਵਾਸ਼ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

ਇਸ ਮੌਕੇ ਤੇ ਡੀ ਐਸ ਪੀ ਸੁਖਪਾਲ ਸਿੰਘ ਰੰਧਾਵਾ ਨੇ ਕਿਹਾ ਕਿ ਪੁਲੀਸ ਅਤੇ ਪੱਤਰਕਾਰ ਫਰੰਟ ਲਾਈਨ ਕੋਰੋਨਾ ਯੋਧਾਵਾਂ ਦੀ ਤਰ੍ਹਾਂ ਕੰਮ ਕਰਦੇ ਆ ਰਹੇ ਹਨ ਅਤੇ ਹਮੇਸ਼ਾ ਲੋਕਾਂ ਦੇ ਵਿੱਚ ਰਹਿ ਕੇ ਕੰਮ ਕਰਨਾ ਪੈਂਦਾ ਹੈ। ਪੱਤਰਕਾਰਾਂ ਨੂੰ ਆਪਣੇ ਯਤਨਾਂ ਦੁਆਰਾ ਦੂਜੇ ਲੋਕਾ ਨੂੰ ਵੀ ਕੋਰੋਨਾ ਮਹਾਂਮਾਰੀ ਤੋਂ ਬਚਾਅ ਲਈ ਜਾਰੀ ਨਿਰਦੇਸ਼ਾਂ ਦੀ ਪਾਲਣਾ ਕਰਵਾਉਣ ਬਾਰੇ ਜਾਗਰੂਕ ਕਰਨ ਦੀ ਅਪੀਲ ਕੀਤੀ ।

ਵਰਲਡ ਪੰਜਾਬੀ ਨਿਊਜ਼ ਵਿੱਚ ਪ੍ਰਕਾਸ਼ਿਤ ਹੋਣ ਵਾਲੇ ਲੇਖ ਅਤੇ ਰਚਨਾਵਾਂ ਲੇਖਕਾਂ ਦੇ ਨਿੱਜੀ ਵਿਚਾਰ ਹੋ ਸਕਦੇ ਹਨ। ਇਹਨਾਂ ਨਾਲ ਸੰਪਾਦਕ ਅਤੇ 'ਵਰਲਡ ਪੰਜਾਬੀ ਨਿਊਜ਼' ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ- ਸੰਪਾਦਕ 'ਵਰਲਡ ਪੰਜਾਬੀ ਨਿਊਜ਼' ਵਿੱਚ ਪ੍ਰਕਾਸ਼ਿਤ ਹੋਣ ਵਾਲੇ ਵਿਗਿਆਪਨਾਂ ਦੀ ਪਰਖ ਪਾਠਕ ਖੁਦ ਕਰਨ। 'ਵਰਲਡ ਪੰਜਾਬੀ ਨਿਊਜ਼' ਅਦਾਰਾ ਇਹਨਾਂ ਪ੍ਰਤੀ ਜਿੰਮੇਵਾਰ ਨਹੀਂ ਹੋਵੇਗਾ- ਸੰਪਾਦਕ

# ਦੋ ਕਿਲੋ ਚੂਰਾ ਪੋਸਤ ਬਰਾਮਦ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ )** ਥਾਣਾ ਮੱਲਾਂਵਾਲਾ ਦੀ ਪੁਲਿਸ ਨੇ ਗਸ਼ਤ ਅਤੇ ਛਾਪੇਮਾਰੀ ਦੌਰਾਨ 2 ਕਿਲੋ ਭੁੱਕੀ ਚੂਰਾ ਪੋਸਤ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਐਂਨਡੀਪੀਐੱਸ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਏਐੱਸਆਈ ਜਸਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਏਐੱਸਆਈ ਜੋਗਿੰਦਰ ਸਿੰਘ ਦੀ ਅਗਵਾਈ ਵਿਚ ਪੁਲਿਸ ਪਾਰਟੀ ਬੀਤੀ ਸ਼ਾਮ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿਚ ਸੁੰਨਵਾਂ ਚੋਂਕ ਮੱਲਾਂਵਾਲਾ ਵਿਖੇ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀ ਆਪਣੇ ਮੋਟਰਸਾਈਕਲ ਹੀਰੋ ਸਪਲੈਂਡਰ ਨੰਬਰ ਪੀਬੀ 05 ਏਈ 3708 'ਤੇ ਸਵਾਰ ਹੋ ਕੇ ਬੇਆਬਾਦ ਭੱਠਾ ਆਸਿਫ ਵਾਲਾ ਵਿਖੇ ਭੁੱਕੀ ਚੂਰਾ ਪੋਸਤ ਵੇਚਣ ਲਈ ਗ੍ਰਾਹਕਾਂ ਦਾ ਇੰਤਜ਼ਾਰ ਕਰ ਰਿਹਾ ਹੈ, ਜੇਕਰ ਹੁਣੇ ਹੀ ਇਸ 'ਤੇ ਛਾਪੇਮਾਰੀ ਕੀਤੀ ਜਾਵੇ ਤਾਂ ਭੁੱਕੀ ਚੂਰਾ ਪੋਸਤ ਸਮੇਤ ਕਾਬੂ ਆ ਸਕਦਾ ਹੈ। ਪੁਲਿਸ ਪਾਰਟੀ ਵੱਲੋਂ ਦੋਸ਼ੀ 'ਤੇ ਛਾਪੇਮਾਰੀ ਕਰਕੇ ਕਾਬੂ ਕੀਤਾ ਤੇ ਮੌਕੇ ਤੇ 2 ਕਿਲੋ ਭੁੱਕੀ ਚੂਰਾ ਪੋਸਤ ਤੇ ਉਕਤ ਮੋਟਰਸਾਈਕਲ ਬਰਾਮਦ ਕੀਤਾ ਗਿਆ। ਪੁਲਿਸ ਨੇ ਦੱਸਿਆ ਕਿ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਥਾਣਾ ਮੱਲਾਂਵਾਲਾ ਪੁਲਿਸ ਵਲੋਂ ਕੋਵਿਡ-19 ਦੀਆਂ ਹਦਾਇਤਾਂ ਦੀ ਉਲੰਘਣਾ ਕਰਨ ਤੇ 4 ਲੋਕਾਂ ਖਿਲਾਫ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ )** ਕੋਵਿਡ-19 ਦੇ ਵੱਧਦੇ ਪ੍ਰਕੋਪ ਨੂੰ ਰੋਕਣ ਲਈ ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਨਿਰਦੇਸ਼ਾਂ ਤਹਿਤ ਜ਼ਿਲ੍ਹਾ ਮੈਜਿਸਟਰੇਟ ਵੱਲੋਂ ਜਾਰੀ ਕੀਤੇ ਗਏ ਉਲੰਘਣਾ ਕਰਨ ਦੇ ਦੋਸ਼ ਵਿਚ ਥਾਣਾ ਮੱਲਾਂਵਾਲਾ ਦੀ ਪੁਲਿਸ ਨੇ 4 ਲੋਕਾਂ ਖਿਲਾਫ ਧਾਰਾ 188 ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਮੱਲਾਂਵਾਲਾ ਦੀ ਪੁਲਿਸ ਦੇ ਏਐੱਸਆਈ ਸੁਦੇਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਿਸ ਪਾਰਟੀ ਬੀਤੀ ਸ਼ਾਮ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿਚ ਮੇਨ ਚੋਂਕ ਮੱਲਾਂਵਾਲਾ ਵਿਖੇ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੋਸ਼ੀਅਨ ਸੁਖਦੇਵ ਸਿੰਘ ਪੁੱਤਰ ਬਲਵਿੰਦਰ ਸਿੰਘ, ਹਰਜਿੰਦਰ ਸਿੰਘ ਪੁੱਤਰ ਪ੍ਰਗਟ ਸਿੰਘ, ਗੁਰਸਾਹਿਬ ਸਿੰਘ ਪੁੱਤਰ ਜਸਵਿੰਦਰ ਸਿੰਘ ਵਾਸੀ ਰੋੜੇਵਾਲਾ, ਸੁਖਵਿੰਦਰ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਬਸਤੀ ਗਰੀਬ ਸਿੰਘ ਵਾਲੀ ਜੋ ਬਿਨ੍ਹਾ ਮਾਸਕ ਤੇ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਦੇ ਹੁਕਮਾਂ ਦੀ ਉਲੰਘਣਾ ਕਰ ਰਹੇ ਹਨ ਤੇ ਕੋਰੋਨਾ ਵਾਇਰਸ ਦੀ ਭਿਆਨਕ ਬਿਮਾਰੀ ਨੂੰ ਬੜਾਵਾ ਦੇ ਰਹੇ ਹਨ। ਦੋਸ਼ੀਅਨ ਵੱਲੋਂ ਪੰਜਾਬ ਸਰਕਾਰ ਤੇ ਮਾਨਯੋਗ ਡਿਪਟੀ ਕਮਿਸ਼ਨਰ ਦੇ ਹੁਕਮਾਂ ਦੀ ਉਲੰਘਣਾ ਕਰਨ ਤੇ ਦੋਸ਼ੀ ਖਿਲਾਫ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ ਹੈ।

# ਸਰਕਾਰੀ ਡਿਊਟੀ ਵਿਚ ਵਿਘਨ ਪਾਉਣ ਤੇ ਦੋਸ਼ੀਆਂ ਵਿਰੁੱਧ ਹੋਇਆ ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ ):** ਥਾਣਾ ਮੱਖੂ ਅਧੀਨ ਆਉਂਦੇ ਪਿੰਡ ਸਿਲੇਵਿੰਡ ਵਿਖੇ ਬਿਜਲੀ ਦੇ ਬਿੱਲ ਉਗਰਾਹੁਣ ਗਏ ਜੇਈ ਦੀ ਕੁੱਟਮਾਰ ਅਤੇ ਸਰਕਾਰੀ ਡਿਊਟੀ ਵਿਚ ਵਿਘਨ ਪਾਉਣ ਦੇ ਦੋਸ਼ ਵਿਚ 4 ਖਿਲਾਫ 353, 186, 506, 34 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਿਸ ਨੂੰ ਦਿੱਤੇ ਬਿਆਨਾਂ ਵਿਚ ਜਸਮੀਤ ਸਿੰਘ ਜੇਈ ਪੁੱਤਰ ਸੁਖਦੇਵ ਸਿੰਘ ਵਾਸੀ ਧੀਰਾ ਘਾਰਾ ਨੇ ਦੱਸਿਆ ਕਿ ਮਿਤੀ 15 ਮਈ 2021 ਦੀ ਦੁਪਹਿਰ 3 ਵਜੇ ਨੂੰ ਪੀਐੱਸਪੀਸੀ ਐੱਲ ਦੇ ਉੱਚ ਅਧਿਕਾਰੀਆਂ ਦੀ ਹਦਾਇਤ ਮੁਤਾਬਿਕ ਕੁਤਾਹੀ ਰਕਮ ਦੀ ਉਗਰਾਹੀ ਲਈ ਉਹ ਸਮੇਤ ਬਲਵਿੰਦਰ ਸਿੰਘ ਲਾਇਨਮੈਨ ਪਿੰਡ ਸਿਲੇਵਿੰਡ ਵਿਖੇ ਖਾਤਾ ਨੰਬਰ ਬੀਜੀ 242682 ਐੱਨ ਖਪਤਕਾਰ ਪ੍ਰੀਤਮ ਸਿੰਘ ਵਾਸੀ ਸਿਲੇਵਿੰਡ, ਜਿਸ ਦੇ ਬਿਜਲੀ ਬਿੱਲ ਦੀ ਕੁਤਾਹੀ ਰਕਮ 1 ਲੱਖ 18 ਹਜ਼ਾਰ 480 ਰੁਪਏ ਉਗਰਾਹੁਣ ਸਮੇਂ ਦੋਸ਼ੀਅਨ ਗੁਰਨਾਮ ਸਿੰਘ, ਬਲਵਿੰਦਰ ਸਿੰਘ, ਸਤਨਾਮ ਸਿੰਘ ਪੁੱਤਰ ਦਰਸ਼ਨ ਸਿੰਘ ਅਤੇ ਬਖਸ਼ੀਸ਼ ਸਿੰਘ ਪੁੱਤਰ ਬੂੜ ਸਿੰਘ ਵਾਸੀਅਨ ਸਿਲੇਵਿੰਡ ਨੇ ਹਮਮਸ਼ਵਰਾ ਹੋ ਕੇ ਉਸ ਦੀ ਕੁੱਟਮਾਰ ਕੀਤੀ ਤੇ ਸਰਕਾਰੀ ਰਿਕਾਰਡ ਖੋਹ ਲਿਆ ਤੇ ਸਰਕਾਰੀ ਡਿਊਟੀ ਵਿਚ ਵਿਘਨ ਪਾਇਆ। ਇਸ ਮਾਮਲੇ ਦੀ ਜਾਂਚ ਕਰ ਰਹੇ ਸਬ ਇੰਸਪੈਕਟਰ ਲਾਲ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀਅਨ ਖਿਲਾਫ ਮਾਮਲਾ ਦਰਜ ਕਰ ਲਿਆ ਗਿਆ ਹੈ।

# ਖਤਰਨਾਕ ਰੂਪ ਧਾਰ ਚੁੱਕੀ ਕੋਰੋਨਾ ਮਹਾਮਾਰੀ ’ਤੇ ਪੀ. ਜੀ. ਆਈ. ਦੇ ਡਾਇਰੈਕਟਰ ਦਾ ਵੱਡਾ ਬਿਆਨ



**ਚੰਡੀਗੜ (ਦੀਪਕ ਸ਼ਰਮ)** ਪਿਛਲੇ ਮਹੀਨੇ ਦੇ ਆਖਰੀ 15 ਦਿਨਾਂ ਵਿਚ 99 ਕੋਰੋਨਾ ਮਰੀਜ਼ਾਂ ਦੀ ਮੌਤ ਸ਼ਹਿਰ ਵਿਚ ਹੋਈ, ਜਦੋਂਕਿ ਮਈ ਦੇ 14 ਦਿਨਾਂ ਵਿਚ ਹੁਣ ਤਕ 139 ਲੋਕਾਂ ਦੀ ਮੌਤ ਹੋ ਚੁੱਕੀ ਹੈ। ਮਾਹਿਰਾਂ ਦੀ ਮੰਨੀਏ ਤਾਂ ਕੋਵਿਡ ਦੀ ਦੂਜੀ ਲਹਿਰ ਦਾ ਇਹ ਸਿਖਰ ਵਾਲਾ ਸਮਾਂ ਆ ਗਿਆ ਹੈ। ਡਾਇਰੈਕਟਰ ਪੀ. ਜੀ. ਆਈ. ਡਾ. ਜਗਤਰਾਮ ਮੁਤਾਬਕ ਮਈ ਦੇ ਅੰਤ ਤਕ ਸ਼ਹਿਰ ਵਿਚ ਕੇਸ ਘੱਟਣੇ ਸ਼ੁਰੂ ਹੋ ਜਾਣਗੇ। ਅਜੇ ਵਾਇਰਸ ਸਿਖਰ ’ਤੇ ਹੈ ਪਰ ਮਈ ਬੀਤਦਿਆਂ-ਬੀਤਦਿਆਂ ਇਕ ਵਾਰ ਫਿਰ ਕੋਵਿਡ ਕੇਸ ਘੱਟ ਹੋਣ ਲੱਗਣਗੇ। ਇਸ ਦਾ ਮਤਲਬ ਇਹ ਨਹੀਂ ਕਿ ਮਹਾਮਾਰੀ ਨੂੰ ਅਣਦੇਖਿਆਂ ਕਰਨ ਲੱਗ ਪਈਏ। ਮਹਾਮਾਰੀ ਵਿਚ ਬਹੁਤ ਤੇਜ਼ੀ ਨਾਲ ਮਿਊਟੇਸ਼ਨ ਹੁੰਦਾ ਹੈ। ਅਸੀਂ ਇਸਦਾ ਅੰਦਾਜ਼ਾ ਨਹੀਂ ਲਾ ਸਕਦੇ ਕਿ ਅਗਲਾ ਮਿਊਟੇਸ਼ਨ ਕਿੰਨਾ ਘਾਤਕ ਹੋ ਸਕਦਾ ਹੈ। ਹੁਣ ਤਕ ਇੰਟਰਨੈਸ਼ਨਲ ਪੱਧਰ ’ਤੇ ਇਸ ਨੂੰ ਜਿੰਨਾ ਵੀ ਆਬਜ਼ਰਵ ਕੀਤਾ ਗਿਆ ਹੈ, ਉਸ ਤੋਂ ਪਤਾ ਲੱਗਦਾ ਹੈ ਕਿ ਵਾਇਰਸ ਪਹਿਲਾਂ ਨਾਲੋਂ ਖਤਰਨਾਕ ਹੋਇਆ ਹੈ। ਆਉਣ ਵਾਲੇ ਦਿਨਾਂ ਵਿਚ ਜੇਕਰ ਕੇਸ ਇਸੇ ਤਰਾਂ ਘੱਟ ਹੁੰਦੇ ਗਏ ਤਾਂ ਇਸ ਤੋਂ ਰਾਹਤ ਮਿਲੇਗੀ। ਨਾਲ ਹੀ ਸਮਾਂ ਮਿਲੇਗਾ ਕਿ ਅਸੀਂ ਛੇਤੀ ਤੋਂ ਛੇਤੀ ਵੈਕਸੀਨ ਲਵਾ ਕੇ ਖੁਦ ਨੂੰ ਸੁਰੱਖਿਅਤ ਕਰੀਏ। ਵੈਕਸੀਨ ਹਰ ਤਰਾਂ ਦੇ ਮਿਊਟੇਸ਼ਨ ’ਤੇ ਅਸਰਦਾਇਕ ਹੈ। ਵੈਕਸੀਨ ਹੀ ਇਸ ਦੀ ਗੰਭੀਰਤਾ ਨੂੰ ਘੱਟ ਕਰ ਸਕਦੀ ਹੈ, ਇਸ ਲਈ ਸਾਰਿਆਂ ਨੂੰ ਛੇਤੀ ਹੀ ਵੈਕਸੀਨ ਲਵਾਉਣੀ ਚਾਹੀਦੀ ਹੈ। ਪਿਛਲੇ ਕੁਝ ਦਿਨਾਂ ਤੋਂ ਸ਼ਹਿਰ ਵਿਚ ਰਾਹਤ ਹੈ ਕਿ ਕੋਰੋਨਾ ਦੇ ਮਰੀਜ਼ਾਂ ਵਿਚ ਥੋੜੀ ਗਿਰਾਵਟ ਆਈ ਹੈ। ਮਾਹਿਰਾਂ ਦੀ ਮੰਨੀਏ ਤਾਂ ਬੇਸ਼ੱਕ ਇਹ ਰਾਹਤ ਹੈ ਪਰ ਵਾਇਰਸ ਖੁਦ ਜਾ ਰਿਹਾ ਹੈ, ਇੰਝ ਵੀ ਨਹੀਂ ਹੈ। ਵਰਲਡ ਮੈਡੀਕਲ ਐਸੋਸੀਏਸ਼ਨ ਦੇ ਐਡਵਾਈਜ਼ਰ ਡਾ. ਆਰ. ਐੱਸ. ਬੇਦੀ ਕਹਿੰਦੇ ਹਨ ਕਿ ਇੰਟਰਨੈਸ਼ਨਲ ਪੈਟਰਨ ਨੂੰ ਵੇਖੀਏ ਤਾਂ ਵਾਇਰਸ ਵੇਵਸ ਵਿਚ ਅਟੈਕ ਕਰ ਰਿਹਾ ਹੈ। ਯੂ. ਕੇ., ਯੂ. ਐੱਸ. ਏ. ਅਤੇ ਸਪੇਨ ਵਿਚ ਵਾਇਰਸ ਦੀ ਦੂਜੀ ਵੇਵ ਆਈ ਹੈ। ਕਈ ਥਾਵਾਂ ’ਤੇ ਦੁਬਾਰਾ ਲਾਕਡਾਊਨ ਲਾਇਆ ਗਿਆ ਹੈ। ਇਸ ਲਈ ਇਹ ਕਹਿਣਾ ਕਿ ਵਾਇਰਸ ਚਲਿਆ ਗਿਆ ਹੈ, ਗਲਤ ਹੈ। ਇਹ ਵਾਇਰਸ ਦਾ ਸੁਭਾਅ ਹੁੰਦਾ ਹੈ ਕਿ ਜਿੰਨੀ ਤੇਜ਼ੀ ਨਾਲ ਇਹ ਉੱਪਰ ਜਾਂਦਾ ਹੈ, ਓਨਾ ਹੀ ਜਲਦੀ ਹੇਠਾਂ ਵੱਲ ਜਾਂਦਾ ਹੈ ਪਰ ਅਜੇ ਵੀ ਲੋਕਾਂ ਨੂੰ ਪੂਰੀ ਸਾਵਧਾਨੀ ਵਰਤਣ ਦੀ ਜਰੂਰਤ ਹੈ। ਮਾਹਿਰਾਂ ਮੁਤਾਬਕ ਜੇਕਰ ਲੋਕ ਕੋਵਿਡ ਨਿਯਮਾਂ ਅਤੇ ਕਰਫਿਊ ਨੂੰ ਗੰਭੀਰਤਾ ਨਾਲ ਨਾ ਲੈਣ ਅਤੇ ਨਿਯਮਾਂ ਨੂੰ ਅਣਦੇਖਿਆਂ ਕਰਨ ਤਾਂ ਇਹ ਖਤਰਨਾਕ ਸਾਬਤ ਹੋ ਸਕਦਾ ਹੈ। ਜੇਕਰ ਵਾਇਰਸ ਦੀ ਤੀਜੀ ਲਹਿਰ ਆਉਂਦੀ ਹੈ ਤਾਂ ਉਹ ਕਾਫ਼ੀ ਖਤਰਨਾਕ ਹੋ ਸਕਦੀ ਹੈ। ਕਈ ਦੇਸ਼ਾਂ ਵਿਚ ਇਹ ਆ ਚੁੱਕੀ ਹੈ, ਜੋ ਕਿ ਪਹਿਲਾਂ ਤੋਂ ਖਤਰਨਾਕ ਹੈ।

## ਕੋਰੋਨਾ ਕਾਲ ’ਚ ਨਿਰੰਕਾਰੀ ਮਿਸ਼ਨ ਨੇ ਮਨੁੱਖਤਾ ਦੀ ਸੇਵਾ ਲਈ ਵਧਾਇਆ ਇੱਕ ਹੋਰ ਕਦਮ

# ਦਿੱਲੀ’ਚ 1000 ਬੈਡ ਦਾ ਕੋਰੋਨਾ ਕੇਅਰ ਸੈਂਟਰ ਸੌਂਪਣ ਦੇ ਬਾਅਦ ਦੇਹਰਾਦੂਨ ਵਿੱਚ 40 ਆਕਸੀਜਨ ਕੰਸੇਂਟਰੇਟਰਸ ਸੌਂਪੇ

**ਹੁਸ਼ਿਆਰਪੁਰ ।** ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੇ ਅਸ਼ੀਰਵਾਦ ਨਾਲ ਕੋਰੋਨਾ ਕਾਲ ’ਚ ਸੰਤ ਨਿਰੰਕਾਰੀ ਮਿਸ਼ਨ ਨੇ ਮਨੁੱਖਤਾ ਦੀ ਸੇਵਾ’ਚ ਇਕ ਕਦਮ ਵਧਾਉਂਦੇ ਹੋਏ ਦਿੱਲੀ’ਚ 1000 ਬੈਡ ਦਾ ਕੋਰੋਨਾ ਕੇਅਰ ਸੈਂਟਰ ਸਾਰੀਆਂ ਸਹੂਲਤਾਂ ਸਹਿਤ ਪ੍ਰਸ਼ਾਸਨ ਨੂੰ ਸੌਂਪਣ ਦੇ ਬਾਅਦ ਹੁਣ ਦੇਹਰਾਦੂਨ’ਚ ਸੰਤ ਨਿਰੰਕਾਰੀ ਮਿਸ਼ਨ ਦੀ ਬ੍ਰਾਂਚ ਦੇਹਰਾਦੂਨ ਵਿੱਚ ਪ੍ਰਸ਼ਾਸਨ ਨੂੰ 40 ਆਕਸੀਜਨ ਕੰਸੇਂਟਰੇਟਰਸ ਮੁੱਖ ਮੰਤਰੀ ਤੀਰਥ ਸਿੰਘ ਰਾਵਤ ਨੂੰ ਭੇਂਟ ਕੀਤੇ ਗਏ । ਇਨਾ’ਚੋਂ 20 ਆਕਸੀਜਨ ਕੰਸੇਂਟਰੇਟਰਸ ਗੜੀ ਕੈਂਟ ਬੋਰਡ ਦੀ ਵੱਲ ਸੰਚਾਲਿਤ ਹਸਪਤਾਲ ਅਤੇ ਹੋਰ ਪਹਾੜ ਸੰਬੰਧੀ ਜਿਲਿਆਂ ਵਿੱਚ ਹਸਪਤਾਲਾਂ ਨੂੰ ਭੇਜੇ ਜਾਣਗੇ । ਬੀਜਾਪੁਰ ਹਾਉਸ ਵਿੱਚ ਆਯੋਜਿਤ ਪ੍ਰੋਗਰਾਮ ਵਿੱਚ ਸੰਤ ਨਿਰੰਕਾਰੀ ਮੰਡਲ ਦੇ ਮੰਸੂਰੀ ਜੋਨਲ ਇੰਚਾਰਜ ਹਰਭਜਨ ਸਿੰਘ ਅਤੇ ਹੇਮਰਾਜ ਨੇ ਮੁੱਖ ਮੰਤਰੀ ਤੀਰਥ ਸਿੰਘ ਰਾਵਤ ਨੂੰ ਆਕਸੀਜਨ ਕੰਸੇਂਟਰੇਟਰਸ ਭੇਂਟ ਕੀਤੇ । ਇਸ ਮੌਕੇ ਉੱਤੇ ਕੈਬਿਨੇਟ ਮੰਤਰੀ ਗਣੇਸ਼ ਜੋਸ਼ੀ ਵੀ ਮੌਜੂਦ ਰਹੇ । ਮੁੱਖ ਮੰਤਰੀ ਤੀਰਥ ਸਿੰਘ ਰਾਵਤ ਨੇ ਕਿਹਾ ਸੰਤ ਨਿਰੰਕਾਰੀ ਮਿਸ਼ਨ ਦਾ ਧੰਨਵਾਦ ਕੀਤਾ । ਸੰਤ ਨਿਰੰਕਾਰੀ ਮੰਡਲ ਦੇ ਜੋਨਲ ਇੰਚਾਰਜ ਹਰਭਜਨ ਸਿੰਘ ਨੇ ਉਤਰਾਖੰਡ ਵਿੱਚ ਆਪਣੇ ਸਾਰੇ ਸਤਸੰਗ ਘਰਾਂ ਨੂੰ ਕੋਵਿਡ ਸੈਂਟਰ ਦੇ ਰੂਪ’ਚ ਬਦਲਣ ਦਾ ਮੰਜੂਰੀ ਪੱਤਰ ਵੀ ਮੁੱਖ ਮੰਤਰੀ ਜੀ ਨੂੰ ਸੌਂਪਿਆਂ । ਜ਼ਿਕਰਯੋਗ ਹੈ ਕਿ ਸੰਤ ਨਿਰੰਕਾਰੀ ਮਿਸ਼ਨ ਨੇ ਬੁਰਾੜੀ ਰੋਡ ’ਤੇ ਗਰਾਊਂਡ ਨੰਬਰ 8 ਵਿੱਚ 1000 ਬੈਡ ਦਾ ਕੋਰੋਨਾ ਕੇਅਰ ਸੈਂਟਰ , ਪੰਚਕੂੰਲਾ ਵਿੱਚ 50 ਬੈਡ ਦਾ ਕੋਰੋਨਾ ਕੇਅਰ ਸੈਂਟਰ ਤਿਆਰ ਕਰਕੇ ਸਰਕਾਰ ਨੂੰ ਸੌਂਪਿਆਂ ਤਾਂਕਿ ਕੋਰੋਨਾ ਦੇ ਮਰੀਜਾਂ ਦਾ ਇਲਾਜ ਉੱਥੇ ਹੋ ਸਕੇ । ਇਸਦੇ ਨਾਲ ਸੰਤ ਨਿਰੰਕਾਰੀ ਮੰਡਲ ਨੇ ਸਾਰੇ ਭਵਨਾਂ ਨੂੰ ਕੋਰੋਨਾ ਵੈਕਸੀਨੇਸ਼ਨ ਸੈਂਟਰ ਬਣਾਉਣ ਲਈ ਵੀ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਪ੍ਰਸਤਾਵ ਦਿੱਤਾ ਗਿਆ , ਜਿਸਦੇ ਚਲਦੇ ਕਈ ਸੰਤ ਨਿਰੰਕਾਰੀ ਮਿਸ਼ਨ ਦੇ ਬ੍ਰਾਚਾਂ ਦੇ ਭਵਨਾਂ ਵਿੱਚ ਰੋਜ਼ਾਨਾ ਹੀ ਕੋਰੋਨਾ ਦੀ ਵੈਕਸੀਨੇਸ਼ਨ ਹੋ ਰਹੀ ਹੈ । ਸੰਤ ਨਿਰੰਕਾਰੀ ਮਿਸ਼ਨ ਵਲੋਂ ਕੀਤੀ ਜਾ ਰਹੀ ਮਨੁੱਖਤਾ ਸੇਵਾ ਦੀ ਸ਼ਲਾਘਾ ਹਰਿਆਣਾ ਦੇ ਮੁੱਖ ਮੰਤਰੀ , ਹਿਮਾਚਲ ਪ੍ਰਦੇਸ਼ ਦੇ ਸਿਹਤ ਮੰਤਰੀ ਵਲੋਂ ਟਵੀਟ ਕਰਕੇ ਕੀਤੀ ਜਾ ਚੁੱਕੀ ਹੈ ।



**ਦੇਹਰਾਦੁਨ ਵਿੱਚ ਪ੍ਰਸ਼ਾਸਨ ਨੂੰ 40 ਆਕਸੀਜਨ ਕੰਸੇਂਟਰੇਟਰਸ ਮੁੱਖ ਮੰਤਰੀ ਤੀਰਥ ਸਿੰਘ ਰਾਵਤ ਨੂੰ ਭੇਂਟ ਕਰਦੇ ਹੋਏ ਸੰਤ ਨਿਰੰਕਾਰੀ ਮੰਡਲ ਦੇ ਜੋਨਲ ਇੰਚਾਰਜ ਹਰਭਜਨ ਸਿੰਘ ਅਤੇ ਹੋਰ ਅਤੇ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾ**

# ਸਿਵਲ ਹਸਪਤਾਲ ਵਿਖੇ ਪੋਸਟ ਕੋਵਿਡ ਵਾਰਡ ਸ਼ੁਰੂ

**ਕਪੂਰਥਲਾ।** ਸਿਵਲ ਹਸਪਤਾਲ ਕਪੂਰਥਲਾ ਵਿਖੇ 8 ਬੈੱਡਾਂ ਦਾ ਪੋਸਟ ਕੋਵਿਡ ਵਾਰਡ ਬਣਾਇਆ ਗਿਆ ਹੈ ਜਿੱਥੇ ਕੋਵਿਡ ਤੋਂ ਠੀਕ ਹੋ ਚੁੱਕੇ ਉਨ੍ਹਾਂ ਮਰੀਜਾਂ ਨੂੰ ਰੱਖਿਆ ਜਾਏਗਾ ਜਿਨ੍ਹਾਂ ਨੂੰ ਕੋਵਿਡ ਨੈਗੇਟਿਵ ਹੋਣ ਤੋਂ ਬਾਅਦ ਵੀ ਰਿਕਵਰੀ ਦੌਰਾਨ ਸਾਹ ਸੰਬੰਧੀ, ਆਕਸੀਜਨ ਸੈਚੁਰੇਸ਼ਨ ਜਾਂ ਹੋਰ ਕੋਈ ਦਿਕਤ ਪੇਸ਼ ਆ ਰਹੀ ਹੈ। ਇਸ ਵਾਰਡ ਵਿਚ ਸੈਂਟਰ ਆਕਸੀਜਨ ਸਪਲਾਈ ਦੀ ਸਹੂਲਤ ਉਪਲੱਬਧ ਹੈ ਇਸ ਮੌਕੇ ਡਿਪਟੀ ਕਮਿਸ਼ਨਰ ਵਲੋਂ ਪੋਸਟ ਕੋਵਿਡ ਵਾਰਡ ਦੀ ਸਮਰੱਥਾ ਵਧਾਉਣ ਦੀ ਵਕਾਲਤ ਕਰਦਿਆਂ ਕਿਹਾ ਗਿਆ ਕਿ ਕੋਵਿਡ ਦੀ ਜਿਆਦਾ ਜਕੜ ਵਿਚ ਆ ਕੇ ਠੀਕ ਹੋਣ ਵਾਲੇ ਵਿਅਕਤੀਆਂ ਦੀ ਸਿਹਤ ਦੀ ਵਧੇਰੇ ਨਿਗਰਾਨੀ ਦੀ ਲੋੜ ਹੈ। ਡਿਪਟੀ ਕਮਿਸ਼ਨਰ ਵੱਲੋਂ ਇਸ ਮੌਕੇ ਤੇ ਕੋਵਿਡ ਮੈਨੇਜਮੈਂਟ ਨੂੰ ਲੈ ਕੇ ਜਰੂਰੀ ਦਿਸ਼ਾ ਨਿਰਦੇਸ਼ ਵੀ ਦਿੱਤੇ ਗਏ। ਸਿਵਲ ਸਰਜਨ ਡਾ.ਪਰਮਿੰਦਰ ਕੌਰ ਨੇ ਦੱਸਿਆ ਕਿ ਪੋਸਟ ਕੋਵਿਡ ਵਾਰਡ ਵਿਖੇ ਮਰੀਜ਼ਾਂ ਦੀ ਲੋੜ ਅਨੁਸਾਰ ਪੁਖਤਾ ਪ੍ਰਬੰਧ ਕੀਤੇ ਗਏ ਹਨ ।ਇਸ ਮੌਕੇ ਉਨ੍ਹਾਂ ਨਾਲ ਸਹਾਇਕ ਸਿਵਲ ਸਰਜਨ ਡਾ. ਅਨੂ ਸ਼ਰਮਾ, ਜਿਲਾ ਪਰਿਵਾਰ ਭਲਾਈ ਅਫਸਰ ਡਾ. ਰਾਜ ਕਰਨੀ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਸਾਰਿਕਾ ਦੁੱਗਲ, ਸੀਨੀਅਰ ਮੈਡੀਕਲ ਅਫਸਰ ਡਾ. ਸੰਦੀਪ ਧਵਨ ਤੇ ਹੋਰ ਹਾਜਰ ਸਨ।



# ਕਪੂਰਥਲਾ ਜਿਲ੍ਹੇ ਵਿਚ ਦੁਕਾਨਾਂ ਖੋਲਣ ਦੀ ਨਵੀਂ ਸਮਾਂ ਸਾਰਣੀ ਜਾਰੀ

**ਕਪੂਰਥਲਾ।** ਪੰਜਾਬ ਸਰਕਾਰ ਵਲੋਂ ਕੋਵਿਡ ਨੂੰ ਰੋਕਣ ਲਈ ਲਾਈਆਂ ਪਾਬੰਦੀਆਂ ਦੇ ਅਨੁਕੂਲ ਜਿਲ੍ਹਾ ਕਪੂਰਥਲਾ ਅੰਦਰ ਡਿਪਟੀ ਕਮਿਸ਼ਨਰ ਕਮ ਜਿਲ੍ਹਾ ਮੈਜਿਸਟ੍ਰੇਟ ਸ੍ਰੀਮਤੀ ਦੀਪਤੀ ਉੱਪਲ ਵਲੋਂ ਦੁਕਾਨਾਂ ਖੋਲਣ ਲਈ ਨਵੀਂ ਸਮਾਂ ਸਾਰਣੀ ਜਾਰੀ ਕੀਤੀ ਹੈ। ਜਿਲ੍ਹਾ ਮੈਜਿਸਟ੍ਰੇਟ ਵਲੋਂ ਜਾਰੀ ਹੁਕਮਾਂ ਤਹਿਤ ਨਵੀਆਂ ਪਾਬੰਦੀਆਂ 18 ਮਈ ਤੋਂ 31 ਮਈ 2021 ਤੱਕ ਲਾਗੂ ਰਹਿਣਗੀਆਂ। ਉਨ੍ਹਾਂ ਕਿਹਾ ਕਿ ਰੋਜ਼ਾਨਾ ਦਾ ਕਰਫਿਊ ਸ਼ਾਮ 5 ਵਜੇ ਤੋਂ ਸਵੇਰੇ 5 ਵਜੇ ਤੱਕ ਹੋਵੇਗਾ। ਇਸ ਤੋਂ ਇਲਾਵਾ ਸ਼ੁੱਕਰਵਾਰ ਸ਼ਾਮ 5 ਵਜੇ ਤੋਂ ਸੋਮਵਾਰ ਸਵੇਰ 5 ਵਜੇ ਤੱਕ ਹਫਤਾਵਾਰੀ ਕਰਫਿਊ ਹੋਵੇਗਾ। ਦੁਕਾਨਾਂ ਦੀ ਨਵੀਂ ਸਮਾਂ ਸਾਰਣੀ ਅਨੁਸਾਰ ਫਗਵਾੜਾ ਵਿਖੇ ਸੋਮਵਾਰ ਤੋਂ ਸ਼ੁੱਕਰਵਾਰ ਸਬਜ਼ੀ, ਫਰੂਟ ਦੀਆਂ ਦੁਕਾਨਾਂ ਸਵੇਰੇ 7 ਵਜੇ ਤੋਂ ਬਾਅਦ ਦੁਪਹਿਰ 12 ਵਜੇ ਤੱਕ ਖੁੱਲਣਗੀਆਂ। ਇਸ ਤੋਂ ਇਲਾਵਾ ਬਾਕੀ ਜਿਲ੍ਹੇ ਅੰਦਰ ਸਬਜ਼ੀ ਮੰਡੀ ਤੇ ਫਰੂਟ ਤੋਂ ਇਲਾਵਾ ਬਾਕੀ ਸਾਰੀਆਂ ਦੁਕਾਨਾਂ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਤੋਂ 12 ਵਜੇ ਤੱਕ ਖੁੱਲਣਗੀਆਂ। ਦੁੱਧ ਦੀਆਂ ਡੇਅਰੀਆਂ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਤੋਂ 1 ਵਜੇ ਤੱਕ ਅਤੇ ਬਾਅਦ ਦੁਪਹਿਰ 3 ਵਜੇ ਤੋਂ ਸ਼ਾਮ 5 ਵਜੇ ਤੱਕ ਖੁੱਲ਼ਣਗੀਆਂ। ਸ਼ਨੀਵਾਰ ਤੇ ਐਤਵਾਰ ਦੁੱਧ ਦੀਆਂ ਦੁਕਾਨਾਂ ਤੇ ਡੇਅਰੀਆਂ ਆਪਣੀ ਦੁਕਾਨ ਦਾ ਸ਼ਟਰ ਨੀਂਵਾ ਕਰਕੇ ਦੁਕਾਨ ਦੇ ਬਾਹਰਵਾਰ ਦੁੱਧ ਵੇਚ ਸਕਣਗੇ। ਦੁਕਾਨ ਦੇ ਅੰਦਰ ਕੋਈ ਵੀ ਗਾਹਕ ਦਾਖਲ ਨਹੀਂ ਹੋ ਸਕੇਗਾ। ਇਸ ਤੋਂ ਇਲਾਵਾ ਮੈਡੀਕਲ ਦੁਕਾਨਾਂ , ਸਿਹਤ ਸੇਵਾਵਾਂ, ਪੈਟਰੋਲ ਤੇ ਡੀਜ਼ਲ ਪੰਪ, ਐਲ.ਪੀ. ਜੀ ਗੈਸ ਏਜੰਸੀਆਂ ਤੇ ਵੰਡ ਦਾ ਕੰਮ ਹਫਤੇ ਦੇ ਸਾਰੇ ਦਿਨ ਕੀਤਾ ਜਾ ਸਕੇਗਾ। ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਫਗਵਾੜਾ ਵਿਖੇ ਸਬਜ਼ੀ ਮੰਡੀ 12ਵਜੇ ਬੰਦ ਹੋਵੇਗੀ ਜਦਕਿ ਬਾਕੀ ਜਿਲ੍ਹੇ ਵਿਚ 1 ਵਜੇ ਬੰਦ ਹੋਣਗੀਆਂ। ਰੈਸਟੋਰੈਂਟਾਂ , ਕਾਫੀ ਸ਼ੌਪ, ਫਾਸਟ ਫੂਟ , ਢਾਬੇ ਦੇ ਅੰਦਰ ਬੈਠਕੇ ਖਾਣ ’ਤੇ ਰੋਕ ਹੋਵੇਗੀ ਜਦਕਿ ਉਹ ਰਾਤ 9 ਵਜੇ ਤੱਕ ਹੋਮ ਡਿਲਵਰੀ ਕਰ ਸਕਣਗੇ। ਉਨਾਂ ਸਪੱਸ਼ਟ ਕੀਤਾ ਕਿ ਬਾਕੀ ਹਦਾਇਤਾਂ ਤੇ ਪਾਬੰਦੀਆਂ ਪਹਿਲਾਂ ਵਾਲੀਆਂ ਹੀ ਰਹਿਣਗੀਆਂ।



# ਵੈਂਟੀਲੇਟਰਾਂ ਦੇ ਆਡਿਟ ਨੂੰ ਸਮਾਂਬੱਧ ਕਰਕੇ ਜਲਦ ਤੋਂ ਜਲਦ ਇੰਸਟਾਲ ਕਰਵਾਉਣ ਦੀ ਮੰਗ

## ਵਿਧਾਇਕ ਅਤੇ ਚੰਦਬਾਜਾ ਵਲੋਂ ਬਾਕੀ ਸਾਜ਼ੋ-ਸਮਾਨ ਸਬੰਧੀ ਵੀ ਜਾਂਚ ਦੀ ਅਪੀਲ





**ਕੋਟਕਪੂਰਾ।** ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਫਰੀਦਕੋਟ ’ਚ ਖਰਾਬ ਵੈਂਟੀਲੇਟਰਾਂ ਸਬੰਧੀ ਗੁਰਪ੍ਰੀਤ ਸਿੰਘ ਚੰਦਬਾਜਾ ਅਤੇ ਕੁਲਤਾਰ ਸਿੰਘ ਸੰਧਵਾਂ ਵੱਲੋਂ ਪਿਛਲੇ ਲਗਭਗ ਇਕ ਸਾਲ ਤੋਂ ਆਵਾਜ਼ ਉਠਾਈ ਜਾ ਰਹੀ ਸੀ, ਜੋ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੱਕ ਪੁੱਜਦੀ ਹੋ ਗਈ ਹੈ, ਜਿਸ ’ਤੇ ਹਰਕਤ ਵਿੱਚ ਆਉਂਦਿਆਂ ਭਾਰਤ ਦੇ ਪ੍ਰਧਾਨ ਮੰਤਰੀ ਨੇ ਦੇਸ ਭਰ ਦੇ ਹਸਪਤਾਲਾਂ ਲਈ ਪ੍ਰਧਾਨ ਮੰਤਰੀ ਕੇਅਰ ਫੰਡ ਚੋਂ ਗਏ ਵੈਂਟੀਲੇਟਰਾਂ ਦੀ ਸਥਾਪਨਾ ਅਤੇ ਕੰਮ ਸਬੰਧੀ ਪ੍ਰਬੰਧਾਂ ਦਾ ਆਡਿਟ ਕਰਨ ਦੇ ਹੁਕਮ ਜਾਰੀ ਕੀਤੇ ਹਨ, ਇਸ ਸਬੰਧੀ ਇਹ ਅਹਿਮ ਮੁੱਦਾ ਜਨਤਕ ਕਰਨ ਵਾਲੇ ਭਾਈ ਘਨੱਈਆ ਕੈਂਸਰ ਰੋਕੋ ਸੇਵਾ ਸੁਸਾਇਟੀ ਦੇ ਸੰਸਥਾਪਕ ਗੁਰਪ੍ਰੀਤ ਸਿੰਘ ਚੰਦਬਾਜਾ ਅਤੇ ਕੋਟਕਪੂਰਾ ਤੋਂ ਵਿਧਾਇਕ ਕੁਲਤਾਰ ਸਿੰਘ ਸੰਧਵਾਂ ਨੇ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਦੇ ਨਾਲ ਨਾਲ ਸੋਸ਼ਲ ਮੰਚ ਦੀ ਸੁਯੋਗ ਵਰਤੋਂ ਸਦਕਾ ਅਵੇਸਲੀਆਂ ਸਰਕਾਰਾਂ ਨੂੰ ਜਗਾਉਣ ਲਈ ਸਾਥ ਦੇਣ ਵਾਲੇ ਸਾਰੇ ਵਰਗਾਂ ਦਾ ਧੰਨਵਾਦ ਕਰਦਿਆਂ ਕਿਹਾ ਹੈ ਕਿ ਉਕਤ ਸਾਰੇ ਵਰਗਾਂ ਦੇ ਸਹਿਯੋਗ ਸਦਕਾ ਪ੍ਰਧਾਨ ਮੰਤਰੀ ਨੂੰ ਐਕਸ਼ਨ ਲੈਣ ਲਈ ਮਜਬੂਰ ਹੋਣਾ ਪਿਆ ਹੈ। ਚੰਦਬਾਜਾ ਅਤੇ ਵਿਧਾਇਕ ਸੰਧਵਾਂ ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਵੈਂਟੀਲਟਰਸ ਸਬੰਧੀ ਆਡਿਟ ਦਾ ਕੰਮ ਸਮਾਂਬੱਧ ਕਰਕੇ ਜਲਦ ਤੋਂ ਜਲਦ ਇੰਸਟਾਲ ਕਰਵਾਉਣ ਲਈ ਜ਼ਰੂਰੀ ਕਦਮ ਤੁਰੰਤ ਚੁੱਕੇ ਜਾਣ ਤਾਂ ਜੋ ਕੋਵਿਡ-19 ਦੀ ਮੌਜੂਦਾ ਭਿਆਨਕ ਸਥਿੱਤੀ ਕਾਰਨ ਵੈਂਟੀਲੇਟਰ ਬੈੱਡ ਨਾ ਮਿਲਣ ਕਰਕੇ ਇੱਕ ਹਸਪਤਾਲ ਤੋਂ ਦੂਜੇ ਹਸਪਤਾਲ ਰੈਫਰ ਕਰਦਿਆਂ ਹੋ ਰਹੀਆਂ ਮੌਤਾਂ ਨੂੰ ਠੱਲ ਪਾਈ ਜਾ ਸਕੇ। ਸੁਸਾਇਟੀ ਆਗੂਆਂ ਨੇ ਨਾਲ ਹੀ ਕਿਹਾ ਕਿ ਵੈਂਟੀਲਟਰਸ ਦੇ ਨਾਲ-ਨਾਲ ਕਰੋਨਾ ਕਿੱਟਾਂ, ਦਸਤਾਨੇ ਅਤੇ ਹੋਰ ਸਾਜੋ-ਸਮਾਨ ਵਿੱਚ ਹੋਏ ਘਪਲੇ ਕਾਰਨ ਆਮ ਲੋਕਾਂ ਅਤੇ ਹਸਪਤਾਲ ਸਟਾਫ ਦੀ ਸਿਹਤ ਨਾਲ ਖਿਲਵਾੜ ਕਰਨ ਦੇ ਦੋਸ਼ੀਆਂ ਸਬੰਧੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ ਅਤੇ ਵੈਂਟੀਲੇਟਰਾਂ ਦੀ ਘਾਟ ਕਾਰਨ ਹੋਈਆਂ ਮੌਤਾਂ ਸਬੰਧੀ ਇਹਨਾਂ ਦੀ ਖਰੀਦ, ਇੰਸਟਾਲ ਅਤੇ ਵਰਤੋਂ ਸਬੰਧੀ ਅਣਗਹਿਲੀ ਵਰਤਣ ਵਾਲੀਆਂ ਸਾਰੀਆਂ ਧਿਰਾਂ ’ਤੇ ਕਤਲ ਦਾ ਮੁਕੱਦਮਾ ਦਰਜ ਹੋਣਾ ਚਾਹੀਦਾ ਹੈ।

# ਮਲੇਰਕੋਟਲਾ ਨੂੰ ਵੱਖਰਾ ਜਿਲਾ ਬਣਾਉਣ ’ਤੇ ਸਿਆਸਤ, ਯੋਗੀ ਦੇ ਬਿਆਨ ਦਾ ਕੈਪਟਨ ਵਲੋਂ ਠੋਕਵਾਂ ਜਵਾਬ



**ਚੰਡੀਗੜ (ਦੀਪਕ ਸ਼ਰਮਾ)** ਯੂ. ਪੀ. ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਵਲੋਂ ਮਲੇਰਕੋਟਲਾ ਨੂੰ ਨਵਾਂ ਜਲਿਾ ਐਲਾਨੇ ਜਾਣ ਤੋਂ ਬਾਅਦ ਕੀਤੇ ਸ਼ਬਦੀ ਹਮਲੇ ਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਗੰਭੀਰ ਨੋਟਿਸ ਲੈਂਦਿਆਂ ਤਿੱਖਾ ਜਵਾਬ ਦਿੱਤਾ ਹੈ। ਯੋਗੀ ਆਦਿਤਿਆਨਾਥ ਵਲੋਂ ਕੀਤੇ ਟਵੀਟ ਦੀ ਮੁੱਖ ਮੰਤਰੀ ਨੇ ਨਿੰਦਾ ਕੀਤੀ ਹੈ ਅਤੇ ਇਸ ਨੂੰ ਸ਼ਾਂਤੀਪੂਰਨ ਰਾਜ ਵਿਚ ਫ਼ਿਰਕੂ ਨਫ਼ਰਤ ਭੜਕਾਉਣ ਦੀ ਕੋਸ਼ਿਸ਼ ਦੱਸਿਆ ਹੈ। ਦਰਅਸਲ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸ਼ਨੀਵਾਰ ਨੂੰ ਮਲੇਰਕੋਟਲਾ ਨੂੰ ਪੰਜਾਬ ਰਾਜ ਦਾ 23ਵਾਂ ਜ਼ਿਲਾ ਐਲਾਨ ਦਿੱਤਾ ਸੀ। ਇਸ ਤੋਂ ਬਾਅਦ ਉੱਤਰ ਪ੍ਰਦੇਸ ਦੇ ਮੁੱਖ ਮੰਤਰੀ ਯੋਗੀ ਅਦਿੱਤਿਆਨਾਥ ਨੇ ਟਵੀਟ ਕੀਤਾ। ਉਨਾਂ ਲਿਖਿਆ ਕਿ ਮਲੇਰਕੋਟਲਾ ਨੂੰ ਜਲਿਾ ਐਲਾਨੇ ਜਾਣਾ ਕਾਂਗਰਸ ਦੀ ਵੰਡ ਪਾਊ ਨੀਤੀ ਦਾ ਇਕ ਨਮੂਨਾ ਹੈ। ਯੋਗੀ ਨੇ ਲਿਖਿਆ ਕਿ ਧਰਮ ਦੇ ਅਧਾਰ ਉੱਤੇ ਕੋਈ ਵੀ ਵਿਤਕਰਾ ਭਾਰਤੀ ਸੰਵਿਧਾਨ ਦੀ ਮੂਲ ਭਾਵਨਾ ਦੇ ਉਲਟ ਹੈ। ਯੋਗੀ ਨੂੰ ਜਵਾਬ ਦਿੰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਯੋਗੀ ਅਦਿਤਿਆਨਾਥ ਨੂੰ ਪੰਜਾਬ ਦੇ ਮਾਮਲਿਆਂ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ। ਉਨਾਂ ਕਿਹਾ ਕਿ ਪੰਜਾਬ ਵਿਚ ਉਤਰ ਪ੍ਰਦੇਸ਼ ਦੀ ਭਾਜਪਾ ਦੀ ਵੰਡ-ਪਾਊ ਤੇ ਵਿਨਾਸ਼ਕਾਰੀ ਸਰਕਾਰ ਨਾਲੋਂ ਕਿਤੇ ਵਧੀਆ ਮਾਹੌਲ ਹੈ ਜਦੋਂ ਕਿ ਉਤਰ ਪ੍ਰਦੇਸ਼ ਵਿਚ ਪਿਛਲੇ ਚਾਰ ਸਾਲਾਂ ਤੋਂ ਵੱਧ ਸਮੇਂ ਤੋਂ ਭਾਜਪਾ ਸਰਕਾਰ ਨੇ ਫਿਰਕੂ ਵਿਵਾਦਾਂ ਨੂੰ ਸਰਗਰਮੀ ਨਾਲ ਅੱਗੇ ਵਧਾਇਆ ਹੈ। ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਦੇ ਟਵੀਟ ਜਿਸ ਵਿਚ ਮਲੇਰਕੋਟਲਾ ਨੂੰ ਜ਼ਿਲੇ ਦਾ ਦਰਜਾ ਦੇਣ ਨੂੰ ‘ਕਾਂਗਰਸ ਦੀ ਫੁੱਟ-ਪਾਊ ਨੀਤੀ ਦਾ ਪ੍ਰਤੀਕ‘ ਦੱਸਿਆ ਸੀ, ਉਤੇ ਸਖਤ ਪ੍ਰਤੀਕਿਰਿਆ ਦਿੰਦਿਆਂ ਮੁੱਖ ਮੰਤਰੀ ਨੇ ਪੁੱਛਿਆ ਕਿ ਉਹ (ਯੋਗੀ ਅਦਿਤਿਆਨਾਥ) ਕੀ ਜਾਣਦਾ ਹੈ ਪੰਜਾਬ ਦੇ ਸਿਧਾਂਤਾਂ ਜਾਂ ਮਲੇਰਕੋਟਲਾ ਦੇ ਇਤਿਹਾਸ ਬਾਰੇ, ਜਿਸ ਦਾ ਸਿੱਖ ਧਰਮ ਅਤੇ ਗੁਰੂ ਸਾਹਿਬਾਨ ਨਾਲ ਰਿਸ਼ਤਾ ਹਰੇਕ ਪੰਜਾਬੀ ਜਾਣਦਾ ਹੈ ਅਤੇ ਉਹ ਭਾਰਤੀ ਸੰਵਿਧਾਨ ਨੂੰ ਕੀ ਸਮਝਦਾ ਹੈ ਜਿਹੜਾ ਕਿ ਉਤਰ ਪ੍ਰਦੇਸ਼ ਵਿਚ ਉਸ ਦੀ ਹੀ ਸਰਕਾਰ ਵੱਲੋਂ ਰੋਜ਼ ਹੀ ਬੇਰਹਿਮੀ ਨਾਲ ਕੁਚਲਿਆ ਜਾਂਦਾ ਹੈ। ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਦੀ ਟਿੱਪਣੀ ਉਤੇ ਚੁਟਕੀ ਲੈਂਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਯੋਗੀ ਅਦਿੱਤਿਆਨਾਥ ਸਰਕਾਰ ਅਤੇ ਭਾਜਪਾ ਦੇ ਫਿਰਕੂ ਨਫਰਤ ਫੈਲਾਉਣ ਦੇ ਟਰੈਕ ਰਿਕਾਰਡ ਨੂੰ ਦੇਖਦਿਆਂ ਅਜਿਹੀਆਂ ਟਿੱਪਣੀਆਂ ਸਰਾਸਰ ਬੇਤੁਕੀਆਂ ਤੇ ਬੋਲਤੀਆਂ ਹਨ। ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਖਾਸ ਕਰਕੇ ਉਤਰ ਪ੍ਰਦੇਸ਼ ਵਿਚ ਯੋਗੀ ਅਦਿਤਿਆਨਾਥ ਦੀਆਂ ਵੰਡ-ਪਾਊ ਨੀਤੀਆਂ ਨੂੰ ਸਾਰੀ ਦੁਨੀਆਂ ਜਾਣਦੀ ਹੈ। ਉਤਰ ਪ੍ਰਦੇਸ਼ ਵਿਚ ਮੁਗਲ ਸਰਾਏ ਦਾ ਨਾਮ ਪੰਡਿਤ ਦੀਨ ਦਿਆਲ ਉਪਾਧਿਆ ਨਗਰ, ਅਲਾਹਬਾਦ ਦਾ ਨਾਮ ਪ੍ਰਯਾਗਰਾਜ ਅਤੇ ਫੈਜ਼ਾਬਾਦ ਦਾ ਨਾਮ ਅਯੋਧਿਆ ਬਦਲਣ ਸਮੇਤ ਵੱਖ-ਵੱਖ ਸ਼ਹਿਰਾਂ ਦੇ ਨਾਮ ਬਦਲਣ ਵੱਲ ਇਸ਼ਾਰਾ ਕਰਦਿਆਂ ਉਨਾਂ ਨੇ ਇਸ ਸਭ ਨੂੰ ਯੋਗੀ ਸਰਕਾਰ ਵੱਲੋਂ ਇਤਿਹਾਸ ਨੂੰ ਮੁੜ ਲਿਖਣ ਦੀ ਕੋਸ਼ਿਸ਼ ਕਰਾਰ ਦਿੱਤਾ ਜਿਸ ਨੂੰ ਭਾਰਤ ਦੇ ਸ਼ਾਂਤੀ ਪਸੰਦ ਲੋਕ ਕਦੇ ਵੀ ਬਰਦਾਸ਼ਤ ਨਹੀਂ ਕਰਨਗੇ। ਮੁੱਖ ਮੰਤਰੀ ਨੇ ਕਿਹਾ ਕਿ ਇਹ ਸਪੱਸ਼ਟ ਹੈ ਕਿ ਉਤਰ ਪ੍ਰਦੇਸ਼ ਸਰਕਾਰ ਦੇ ਮੁਖੀ ਦਾ ਮਲੇਰਕੋਟਲਾ ਬਾਰੇ ਟਵੀਟ ਇਕ ਭੜਕਾਊ ਸੰਕੇਤ ਤੋਂ ਇਲਾਵਾ ਹੋਰ ਕੁਝ ਨਹੀਂ ਸੀ, ਜਿਸ ਦਾ ਉਦੇਸ਼ ਪੰਜਾਬ ਵਿਚ ਸੰਪੂਰਨ ਇਕਜੁੱਟਤਾ ਨਾਲ ਰਹਿ ਰਹੇ ਭਾਈਚਾਰਿਆਂ ਵਿਚ ਟਕਰਾਅ ਪੈਦਾ ਕਰਨਾ ਸੀ। ਉਨਾਂ ਨੇ ਇਸ ਨੂੰ ਭਾਜਪਾ ਦੇ ਪੱਖ ਤੋਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਵਿਚ ਬਦਅਮਨੀ ਫੈਲਾਉਣ ਦੀ ਸਾਜਸ਼ਿ ਕਰਾਰ ਦਿੱਤਾ ਜਿਨਾਂ ਵਿਚ ਸਿਰਫ ਕੁਝ ਮਹੀਨੇ ਬਾਕੀ ਹਨ। ਉਨਾਂ ਕਿਹਾ ਕਿ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਇਹ ਭੁੱਲ ਗਏ ਹਨ ਕਿ ਉਨਾਂ ਦੇ ਆਪਣੇ ਰਾਜ ’ਚ ਵੀ ਉਸੇ ਸਮੇਂ ਚੋਣਾਂ ਹੋਣ ਜਾ ਰਹੀਆਂ ਹਨ ਅਤੇ ਜੋ ਹਾਲ ਹੀ ਵਿਚ ਹੋਈਆਂ ਪੰਚਾਇਤੀ ਚੋਣਾਂ ਦੇ ਨਤੀਜੇ ਕੋਈ ਸੰਕੇਤ ਦਿੰਦੇ ਹਨ ਤਾਂ ਇੱਥੇ ਭਾਜਪਾ ਦੇ ਸਿਆਸੀ ਹਾਲਾਤ ਹੈਰਾਨ ਕਰਨ ਵਾਲੇ ਹਨ।

# ਪ੍ਰਸਾਸਨ ਦੀ ਇਜਾਜਤ ਤੋਂ ਬਿਨਾਂ ਕਾਲਕਾ ਵਿਖੇ ਹਰ ਰੋਜ ਲਾਈ ਜਾ ਰਹੀ ਸਬਜੀ ਮੰਡੀ

**ਪੰਚਕੂਲਾ (ਦੀਪਕ ਸ਼ਰਮਾ)** ਪ੍ਰਸਾਸਨ ਦੀ ਇਜਾਜਤ ਤੋਂ ਬਿਨਾਂ ਕਾਲਕਾ ਵਿਖੇ ਹਰ ਰੋਜ ਸਬਜੀ ਮੰਡੀ ਲਾਈ ਜਾ ਰਹੀ ਹੈ, ਜੋ ਕਿ ਪ੍ਰਸਾਸਨ ਦੇ ਹੁਕਮਾਂ ਦੀ ਨਾ ਸਿਰਫ ਉਲੰਘਣਾ ਹੈ, ਬਲਕਿ ਕਾਨੂੰਨ ਵਿਵਸਥਾ ਦੀ ਪੋਲ ਖੋਲ ਰਹੀ ਹੈ । ਕੋਰੋਨਾ ਦੇ ਮੱਦੇਨਜਰ ਪ੍ਰਸਾਸਨ ਦੇ ਆਦੇਸਾਂ ਅਨੁਸਾਰ ਹਫਤਾਵਾਰੀ ਸਬਜੀ ਮੰਡੀ ਨੂੰ ਬੰਦ ਕਰ ਦਿੱਤਾ ਗਿਆ ਹੈ, ਪਰ ਐਤਵਾਰ ਸਵੇਰੇ ਕਾਲਕਾ ਵਿੱਚ ਮੰਡੀ ਲਾਈ ਹੋਈ ਨਜ਼ਰ ਆਈ । ਹੁਣ ਮਾਰਕੀਟ ਕਮੇਟੀ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਕਿਸਮ ਦੀ ਮੰਡੀ ਨੂੰ ਦੁਬਾਰਾ ਨਾ ਖੋਲਣ ਲਈ ਮੰਡੀ ਦੇ ਦੋਵੇਂ ਗੇਟ ਸਵੇਰੇ ਬੰਦ ਕਰ ਦਿੱਤੇ ਜਾਣਗੇ, ਜੋ ਕਰੀਬ 8 ਵਜੇ ਤੋਂ ਬਾਅਦ ਖੁੱਲ ਜਾਣਗੇ । ਇਸ ਦੇ ਨਾਲ ਹੀ ਸਥਾਨਕ ਦੁਕਾਨਦਾਰਾਂ ਦਾ ਕਹਿਣਾ ਹੈ ਕਿ ਇਸ ਕਿਸਮ ਦੀ ਮੰਡੀ ਇਥੇ ਰੋਜਾਨਾ ਲਗਦੀ ਹੈ । ਵੇਖਣਾ ਇਹ ਹੈ ਕਿ ਸਾਰੇ ਨਿਯਮਾਂ ਨੂੰ ਦਰਕਿਨਾਰ ਕਰਦਿਆਂ ਕਿਸ ਦੀ ਇਜਾਜਤ ‘ਤੇ ਸਵੇਰੇ ਇਹ ਮੰਡੀ ਲਗਦੀ ਜਾ ਰਹੀ ਹੈ । ਕੋਰੋਨਾ ਦੇ ਕੇਸ ਵੱਧ ਰਹੇ ਹਨ, ਕਾਲਕਾ ਵਿੱਚ ਵੀ ਕੋਰੋਨਾ ਦੇ ਸੰਕ੍ਰਮਣ ਕਾਰਨ ਬਹੁਤ ਸਾਰੇ ਲੋਕਾਂ ਦੀ ਮੌਤ ਹੋ ਗਈ । ਕਈ ਅਜੇ ਵੀ ਇਕਾਂਤਵਾਸ ਵਿਚ ਇਲਾਜ ਕਰਵਾ ਰਹੇ ਹਨ । ਜਿਆਦਾਤਰ ਲੋਕਾਂ ਨੇ, ਕੁਝ ਦੁਕਾਨਦਾਰਾਂ ਨੂੰ ਛੱਡ ਕੇ, ਮਾਸਕ ਨਹੀਂ ਲਾਏ ਹੋਏ ਸਨ । ਸਚਿਨ ਬਰਾੜ, ਵਿਵੇਕ ਸੋਨਕਰ ਅਤੇ ਹੋਰਾਂ ਨੇ ਦੱਸਿਆ ਕਿ ਰੋਜਾਨਾ ਸਵੇਰ 5 ਵਜੇ ਦੇ ਕਰੀਬ ਇਥੇ ਬਾਜ਼ਾਰ ਲਗਦਾ ਹੈ । ਇਸ ਵਿਚ ਫਲ ਅਤੇ ਸਬਜੀਆਂ ਹੋਲਸੇਲ ਅਤੇ ਰਿਟੇਲ ਦੀਆਂ ਕੀਮਤਾਂ ‘ਤੇ ਵੇਚੀਆਂ ਜਾਂਦੀਆਂ ਹਨ । ਇਸ ਸਮੇਂ ਦੌਰਾਨ ਬਹੁਤ ਭੀੜ ਹੁੰਦੀ ਹੈ । ਲੋਕ ਝੁੰਡ ਵਿਚ ਸਬਜੀਆਂ ਖਰੀਦਣ ਲਈ ਦੁਕਾਨਾਂ ‘ਤੇ ਖੜੇ ਹੋ ਜਾਂਦੇ ਹਨ । ਕਾਲਕਾ ਵਿੱਚ ਇਸ ਕਿਸਮ ਦੀ ਕਿਸੇ ਵੀ ਮੰਡੀ ਨੂੰ ਆਗਿਆ ਨਹੀਂ ਦਿੱਤੀ ਗਈ ਹੈ । ਕੁਝ ਲੋਕ ਨਿਯਮਾਂ ਨੂੰ ਨਿਯੰਤਰਣ ਵਿਚ ਰੱਖਦੇ ਹਨ ਅਤੇ ਸਬਜੀਆਂ ਅਤੇ ਫਲ ਵੇਚਣ ਲਈ ਇਥੇ ਪਹੁੰਚਦੇ ਹਨ । ਹੁਣ ਸਵੇਰੇ ਮੰਡੀ ਦੇ ਦੋਵੇਂ ਗੇਟ ਬੰਦ ਰੱਖੇ ਜਾਣਗੇ । ਉਨਾਂ ਨੂੰ ਸਵੇਰੇ 8 ਵਜੇ ਤੋਂ ਬਾਅਦ ਹੀ ਖੋਲਿਆ ਜਾਵੇਗਾ । ਫਿਰ ਵੀ, ਜੇ ਸਥਿਤੀ ਇਹੀ ਰਹੀ ਤਾਂ ਪੁਲਿਸ ਫੋਰਸ ਦੀ ਮਦਦ ਨਾਲ ਨਜਿੱਠਿਆ ਜਾਵੇਗਾ ।

# ਪਿੰਡ ਲੱਖਾ ਹਾਜੀ ਦੀ ਜ਼ਮੀਨ ਨੂੰ ਲੈ ਕੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਨੇ ਦਿੱਤਾ ਐੱਸ ਐੱਸ ਪੀ ਦਫਤਰ ਅੱਗੇ ਧਰਨਾ

## ਜੋਗਿੰਦਰ ਟਿੱਬੀ ਤੇ ਪਰਚਾ ਦਰਜ, ਅਸਲਾ ਐਕਟ ਦੀ ਧਾਰਾ ਵੀ ਲੱਗੀ

**ਫਿਰੋਜ਼ਪੁਰ (ਅਸ਼ੋਕ ਭਾਰਦਵਾਜ)** ਅੱਜ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਦੀ ਅਗਵਾਈ ਵਿੱਚ ਕਿਸਾਨਾਂ ਨੇ ਵਿਧਵਾ ਪਵਿੱਤਰ ਕੌਰ ਨੂੰ ਇਨਸਾਫ ਦਿਵਾਉਣ ਲਈ ਧਰਨਾ ਦਿੱਤਾ। ਜਿਸ ਵਿੱਚ ਟੈਕਨੀਕਲ ਸਰਵਿਸ ਯੂਨੀਅਨ, ਬੀਕੇਯੂ ਰਾਜੇਵਾਲ, ਕਿਸਾਨ ਸੰਘਰਸ਼ ਕਮੇਟੀ ਪੰਜਾਬ ਕੋਟਬੁੱਢਾ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਨੇ ਵੀ ਸ਼ਮੂਲੀਅਤ ਕੀਤੀ । ਇਸ ਮੌਕੇ ਇਕੱਠੇ ਹੋਏ ਵੱਡੀ ਗਿਣਤੀ ਕਿਸਾਨਾਂ ਨੇ ਹਲਕਾ ਵਿਧਾਇਕ ਅਤੇ ਪੁਲੀਸ ਪ੍ਰਸ਼ਾਸਨ ਖ਼ਿਲਾਫ਼ ਨਾਅਰੇਬਾਜ਼ੀ ਕਰਦੇ ਹੋਏ ਜੋਗਿੰਦਰ ਟਿੱਬੀ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ । ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸੂਬਾ ਪ੍ਰੈੱਸ ਸਕੱਤਰ ਅਵਤਾਰ ਮਹਿਮਾ ਨੇ ਕਿਹਾ ਕਿ ਪਿੰਡ ਲੱਖਾ ਹਾਜੀ ਵਿੱਚ ਵਿਧਵਾ ਪਵਿੱਤਰ ਕੌਰ ਦੀ ਜ਼ਮੀਨ 40 ਸਾਲਾਂ ਤੋਂ ਦੱਬੀ ਬੈਠੇ ਜੋਗਿੰਦਰ ਟਿੱਬੀ ਕਲਾਂ ਦਾ ਨਾਜਾਇਜ਼ ਕਬਜ਼ਾ ਹਟਾ ਕੇ ਪੀੜਤ ਪਰਿਵਾਰ ਨੂੰ ਝੋਨੇ ਦੀ ਬਿਜਾਈ ਕਰਵਾ ਦਿੱਤੀ ਹੈ। ਪਰ ਉਸਤੋਂ ਪਹਿਲਾਂ ਜੋਗਿੰਦਰ ਟਿੱਬੀ ਵੱਲੋਂ ਕਣਕ ਵੰਡਣ ਮੌਕੇ ਘੇਰ ਕੇ ਪੁਲਸ ਨੂੰ ਫੜਾਇਆ ਗਿਆ ਸੀ ਅਤੇ ਕਾਰਵਾਈ ਦੀ ਮੰਗ ਕੀਤੀ ਗਈ ਸੀ। ਪਰ ਥਾਣਾ ਮਮਦੋਟ ਦੀ ਪੁਲਸ ਨੇ ਬਰਾਮਦ ਕੀਤਾ ਟਰੈਕਟਰ ਟਰਾਲੀ ਅਤੇ ਕੰਬਾਈਨ ਨੂੰ ਛੱਡ ਦਿੱਤਾ ਅਤੇ ਕਰੀਬ ਤਿੰਨ ਏਕੜ ਦੀ ਕਣਕ ਵੇਚ ਕੇ ਆਪਣੇ ਕੋਲ ਰੱਖ ਲਈ ਸੀ ।ਇਸ ਲਈ ਕਿਸਾਨਾਂ ਵੱਲੋਂ ਸੀਨੀਅਰ ਪੁਲੀਸ ਕਪਤਾਨ ਦੇ ਦਫਤਰ ਵਿਖੇ ਧਰਨਾ ਦਿੱਤਾ, ਜਿਸ ਤੋਂ ਬਾਅਦ ਹਰਕਤ ਵਿੱਚ ਆ ਕੇ ਪ੍ਰਸ਼ਾਸਨ ਵੱਲੋਂ ਜੋਗਿੰਦਰ ਟਿੱਬੀ, ਉਸਦੇ ਲੜਕੇ ਦੇ ਜਵਾਈ ਕੁਲਦੀਪ ਸਿੰਘ ਕੜਮਾ ਉੱਪਰ ਧਾਰਾ 379,336,506,36 ਅਤੇ ਆਰਮਜ਼ ਐਕਟ ਦੀ ਧਾਰਾ, 24,25,54,59 ਤਹਿਤ ਪਰਚਾ ਦਰਜ ਕਰ ਦਿੱਤਾ ਹੈ। ਇਸ ਮੌਕੇ ਡੀਐੱਸਪੀ ਸਿਟੀ ਬਰਿੰਦਰ ਸਿੰਘ ਗਿੱਲ ਨੇ ਧਰਨਾਕਾਰੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਬਰਾਮਦ ਕੀਤੀ ਕਣਕ ਪੀੜ੍ਹਤ ਪਰਿਵਾਰ ਨੂੰ ਸਪੁਰਦ ਕੀਤੀ ਜਾਵੇਗੀ ਅਤੇ ਇੱਕ ਹਫ਼ਤੇ ਦੇ ਅੰਦਰ ਅੰਦਰ ਨਾਮਜ਼ਦ ਕੀਤੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਜਾਵੇਗਾ । ਇਸ ਮੌਕੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਅਵਤਾਰ ਸਿੰਘ ਮਹਿਮਾ, ਰੇਸ਼ਮ ਸਿੰਘ ਮਿੱਡਾ, ਚੰਨਣ ਸਿੰਘ ਕਮੱਗਰ, ਸੁਰਜੀਤ ਕੁਮਾਰ ਬਜ਼ੀਦਪੁਰ,ਪਰਵੀਨ ਬਾਜੇਕੇ, ਦੇਸਰਾਜ ਬਾਜੇਕੇ,ਰਮੇਸ਼ ਬਾਜੇਕੇ,ਗੁਰਮੀਤ ਪੋਜੋਕੇ, ਜਤਿੰਦਰ ਰੌਫੀ ,ਗੁਰਸੇਵਕ ਖਵਾਜ਼ਾ ਖੜਕ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਜੈਲ ਸਿੰਘ , ਟੀ ਐੱਸ ਯੂ ਦੇ ਪ੍ਰੀਤਮ ਪਿੰਡੀ, ਜਗਤਾਰ ਖਵਾਜਾ ਖੜਕ,ਰਾਜ਼ੇਸ਼ ਦੇਵਗਨ, ਨਰੇਸ਼ ਸੇਠੀ, ਕਿਸਾਨ ਸੰਘਰਸ਼ ਕਮੇਟੀ ਦੇ ਸੁਖਦੇਵ ਸਿੰਘ ਮੰਡ ਅਤੇ ਰਿਟਾਇਰ ਫੌਜੀਆਂ ਵੱਲੋ ਸ਼ੁਬੇਗ ਸਿੰਘ ਨੇ ਸੰਬੋਧਨ ਕੀਤਾ ।

